ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ

ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH

ਸਾਂਝੀ ਸੋਚ

ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2523 | 13 July, 2026 Monday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260



Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511


## ਬੈਂਕਾਕ ਦੇ ਪੱਬ ਵਿੱਚ ਅੱਗ ਲੱਗਣ ਕਾਰਨ 27 ਲੋਕਾਂ ਦੀ ਮੌਤ: 60 ਤੋਂ ਵੱਧ ਜ਼ਖਮੀ

ਬੈਂਕਾਕ
ਸਾਂਝੀ ਸੋਚ ਬਿਊਰੋ

ਥਾਈਲੈਂਡ ਦੀ ਰਾਜਧਾਨੀ ਬੈਂਕਾਕ ਦੇ ਇੱਕ ਪੱਬ ਵਿੱਚ ਲੱਗੀ ਅੱਗ ਕਾਰਨ 27 ਲੋਕਾਂ ਦੀ ਮੌਤ ਹੋ ਗਈ ਅਧਿਕਾਰੀਆਂ ਨੇ ਦੱਸਿਆ ਕਿ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਕਾਫ਼ੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਜਾਣਕਾਰੀ ਅਨੁਸਾਰ ਅੱਗ ਅੱਧੀ ਰਾਤ ਦੇ ਕਰੀਬ ਲੱਗੀ। ਸੋਮਵਾਰ ਅੱਧੀ ਰਾਤ ਤੋਂ ਥੋੜ੍ਹੀ ਦੇਰ ਬਾਅਦ ਫਾਇਰ ਵਿਭਾਗ ਨੂੰ ਘਟਨਾ ਬਾਰੇ ਸੂਚਿਤ ਕੀਤਾ ਗਿਆ ਸੀ। ਜਦੋਂ ਫਾਇਰਫਾਈਟਰ ਮੌਕੇ 'ਤੇ ਪਹੁੰਚੇ, ਤਾਂ ਲੋਕ ਅੱਗ ਤੋਂ ਬਚਣ ਲਈ ਮੁੱਖ ਪ੍ਰਵੇਸ਼ ਦੁਆਰ ਰਾਹੀਂ ਪੱਬ ਵਿੱਚੋਂ ਭੱਜ ਰਹੇ ਸਨ।ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਗਈਆਂ ਵੀਡੀਓਜ਼ ਵਿੱਚ ਦੇਖਿਆ ਜਾ ਸਕਦਾ ਹੈ ਕਿ ਬੈਂਕਾਕ ਦੇ ਉੱਤਰੀ ਹਿੱਸੇ ਵਿੱਚ ਸਥਿਤ ਇਸ ਪੱਬ ਦੇ ਮੁੱਖ ਦਰਵਾਜ਼ੇ ਤੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਸਨ ਅਤੇ ਲੋਕ ਜਾਨ ਬਚਾਉਣ ਲਈ ਬਾਹਰ ਭੱਜ ਰਹੇ ਸਨ। ਹਾਦਸੇ ਵਾਲੀ ਥਾਂ 'ਤੇ ਪਹੁੰਚੇ ਥਾਈਲੈਂਡ ਦੇ ਪ੍ਰਧਾਨ ਮੰਤਰੀ ਅਨੁਤਿਨ ਚਾਰਨਵੀਰਾਕੁਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ 27 ਲੋਕਾਂ ਦੀ



ਮੌਤ ਦੀ ਪੁਸ਼ਟੀ ਹੋ ਚੁੱਕੀ ਹੈ ਅਤੇ ਕਈ ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅੱਗ ਲੱਗਣ ਦੇ ਅਸਲ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।


Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com


## ਵੀਅਤਨਾਮ 'ਚ 15 ਭਾਰਤੀਆਂ ਦੀ ਮੌਤ ਦੇ ਮਾਮਲੇ 'ਚ ਵੱਡੀ ਕਾਰਵਾਈ ਪੁਲਿਸ ਨੇ ਸਪੀਡਬੋਟ ਕੈਪਟਨ ਨੂੰ ਹਿਰਾਸਤ 'ਚ ਲਿਆ

ਵੀਅਤਨਾਮ
ਸਾਂਝੀ ਸੋਚ ਬਿਊਰੋ

ਵੀਅਤਨਾਮ ਵਿੱਚ 15 ਭਾਰਤੀ ਸੈਲਾਨੀਆਂ ਦੀ ਜਾਨ ਲੈਣ ਵਾਲੇ ਬੋਟ ਹਾਦਸੇ ਤੋਂ ਬਾਅਦ ਪ੍ਰਸ਼ਾਸਨ ਨੇ ਵੱਡਾ ਕਦਮ ਚੁੱਕਿਆ ਹੈ। ਪੁਲਿਸ ਨੇ ਸਪੀਡਬੋਟ ਦੇ ਕੈਪਟਨ ਨੂੰ ਹਿਰਾਸਤ ਵਿੱਚ ਲੈ ਕੇ ਅਪਰਾਧਿਕ ਜਾਂਚ ਸ਼ੁਰੂ ਕਰ ਦਿੱਤੀ ਹੈ।ਫੂ ਕੁਓਕ ਟਾਪੂ ਦੇ ਨੇੜੇ ਹੋਏ ਇਸ ਦਰਦਨਾਕ ਹਾਦਸੇ ਤੋਂ ਬਾਅਦ 57 ਸਾਲਾ ਸਪੀਡਬੋਟ ਕੈਪਟਨ ਗੁਯੇਨ ਹੋਂਗ ਹਾਈ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਉਸ 'ਤੇ ਜਲਮਾਰਗ ਸੁਰੱਖਿਆ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਹੈ। ਪੁਲਿਸ ਹੁਣ ਇਹ ਪਤਾ ਲਗਾ ਰਹੀ ਹੈ ਕਿ ਹਾਦਸਾ ਲਾਪਰਵਾਹੀ ਕਾਰਨ ਹੋਇਆ ਜਾਂ ਇਸ ਦੇ ਪਿੱਛੇ ਕੋਈ ਹੋਰ ਕਾਰਨ ਸੀ।ਦੂਜੇ ਪਾਸੇ, ਭਾਰਤੀ ਦੂਤਾਵਾਸ ਨੇ ਦੱਸਿਆ ਕਿ ਮ੍ਰਿਤਕਾਂ ਦੀਆਂ ਦੇਹਾਂ ਭਾਰਤ ਭੇਜਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਗਈ ਹੈ, ਜਦਕਿ ਇੱਕ ਜ਼ਖ਼ਮੀ ਦਾ ਇਲਾਜ



ਅਜੇ ਵੀ ਹਸਪਤਾਲ ਵਿੱਚ ਚੱਲ ਰਿਹਾ ਹੈ।


RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Space available for Ad
Contact # +1 (209) 303-1260
Contact # +91 81463-20009

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS




**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

## 3230 MITCHELL ROAD, STE, C, CERES, CA 95307





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**





Ria MONEY TRANSFER

**INDIA**
**ਪੈਸੇ ਭੇਜਣ ਲਈ**

RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ





**Contact Number**

# +1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਪੰਜਾਬ ਦੇ ਸ਼ੇਰਾਂ ਅਤੇ ਬਾਜਾਂ ਨੂੰ ਗਟਰ ਦੇ ਗੰਦੇ ਕੀੜੇ ਬਣਾਉਣ ਦਾ ਮਨੋ ਵਿਗਿਆਨ



ਬਘੇਲ ਸਿੰਘ ਧਾਲੀਵਾਲ
99142-58142

ਭਾਰਤ ਦੀ ਰਾਜਨੀਤੀ ਵਿੱਚ ਪਿਛਲੇ ਡੇਢ ਕੁ ਦਹਾਕੇ ਦੌਰਾਨ ਅਜਿਹੇ ਕਈ ਪ੍ਰਯੋਗ ਹੋਏ ਹਨ ਜਿਸ ਦੌਰਾਨ ਲੋਕ ਭਾਵਨਾਵਾਂ ਨੂੰ ਕੈਸ਼ ਕਰਨ ਦੇ ਸਫਲ ਤੁਜ਼ੱਰਬੇ ਸਾਹਮਣੇ ਆਏ।ਪਹਿਲਾਂ ਅੰਨਾ ਹਜ਼ਾਰੇ ਦੇ ਅੰਦੋਲਨ ਦੇ ਨਾਮ ਹੇਠ "ਭ੍ਰਿਸ਼ਟਾਚਾਰ ਵਿਰੋਧੀ ਲਹਿਰ" ਖੜੀ ਕੀਤੀ ਗਈ, ਫਿਰ ਉਸੇ ਅੰਦੋਲਨ ਦੇ ਭਾਵਨਾਤਮਿਕ ਜੋਸ਼ ਵਿੱਚੋਂ ਦੋ ਵੱਡੀਆਂ ਰਾਜਨੀਤਿਕ ਤਾਕਤਾਂ ਨਿਕਲ ਕੇ ਸਾਹਮਣੇ ਆਈਆਂ। ਇੱਕ ਤਾਂ ਭਾਰਤੀ ਜਨਤਾ ਪਾਰਟੀ ਦੇ ਰੂਪ ਵਿੱਚ ਤਾਕਤਬਰ ਹੋਈ,ਜਿਸਨੇ ਸ਼ਕਤੀਸਾਲੀ ਕਾਂਗਰਸ ਪਾਰਟੀ ਨੂੰ ਲਗਭਗ ਜੜੋਂ ਉਖਾੜ ਕੇ,ਦੇਸ਼ ਦੀ ਸੱਤਾ ਹਾਸਲ ਕੀਤੀ ਅਤੇ ਦੂਜੀ ਪਾਰਟੀ ਦੇਸ਼ ਚੋ ਗੰਦੀ ਰਾਜਨੀਤੀ ਦਾ ਸਫਾਇਆ ਕਰਨ ਲਈ ਹੱਥ ਵਿੱਚ ਝਾੜੂ ਲੈ ਕੇ"ਆਮ ਆਦਮੀ" ਦੇ ਕਪਟੀ ਲਾਰੇ ਅਤੇ ਨਾਅਰੇ ਹੇਠ ਹੋਂਦ ਵਿੱਚ ਆਈ,ਜਿਸ ਨੇ ਗੁਰੂ ਗੋਬਿੰਦ ਸਿੰਘ ਦੇ ਵਾਰਸਾਂ ਦੇ ਹੱਥਾਂ ਚੋਂ ਤਿੰਨ ਫੁੱਟੀ ਕਿਰਪਾਨ ਛੁਡਵਾ ਕੇ ਝਾੜੂ ਫੜਾ ਦਿੱਤੇ ਅਤੇ ਪੰਜਾਬ ਵਰਗੇ ਸੁਚੇਤ ਸੂਬੇ ਵਿੱਚ ਆਪਣਾ ਰਾਜ ਸਥਾਪਿਤ ਕਰ ਲਿਆ।ਉਸ ਵੇਲੇ ਵੀ ਪੰਜਾਬ ਦੀ ਜਨਤਾ ਨੂੰ ਇਹ ਕਹਿ ਕੇ ਭਰਮਾਇਆ ਗਿਆ ਸੀ ਕਿ ਹੁਣ ਪੰਜਾਬ ਅੰਦਰ ਗੁਰੂ ਆਸੇ ਦੇ ਅਨੁਸਾਰੀ ਨਵੀਂ ਰਾਜਨੀਤੀ ਆਵੇਗੀ, ਵੀਆਈਪੀ ਕਲਚਰ ਖਤਮ ਹੋਵੇਗਾ, ਆਮ ਲੋਕਾਂ ਦੀ ਸਰਕਾਰ ਬਣੇਗੀ, ਇਮਾਨਦਾਰ ਲੋਕ ਸੱਤਾ ਵਿੱਚ ਆਉਣਗੇ, ਭਾਵ ਮੁਕੰਮਲ ਬਦਲਾਅ ਲੈਕੇ ਆਵੇਗੀ ਲੋਕਾਂ ਵਿੱਚੋਂ ਪੈਦਾ ਹੋਈ ਲੋਕਾਂ ਦੀ ਪਾਰਟੀ,ਪਰ ਕੁਝ ਸਾਲਾਂ ਦੇ ਅੰਦਰ ਹੀ ਪੰਜਾਬ ਦੇ ਲੋਕਾਂ ਨੇ ਦੇਖ ਲਿਆ ਕਿ ਜਿਹੜੇ ਲੋਕ ਲਾਲ ਬੱਤੀਆਂ ਦੇ ਵਿਰੋਧ ਵਿੱਚ ਨਿਕਲੇ ਸਨ, ਉਹਨਾਂ ਦੇ ਆਪਣੇ ਵੱਡੇ ਵੱਡੇ ਕਾਫਲੇ ਸਾਇਰਨਾਂ ਨਾਲ ਦੌੜਣ ਲੱਗ ਪਏ,ਆਮ ਆਦਮੀ ਤੋ ਵਿਸ਼ੇਸ ਬਣਨ ਵਾਲਿਆਂ ਦੇ ਕਾਰੋਬਾਰ ਅਮਰਵੇਲ ਵਾਂਗ ਵਧਣ ਲੱਗ ਪਏ,ਜਿਹੜੇ ਲੋਕ ਪੁਰਾਣੀ ਰਾਜਨੀਤੀ ਨੂੰ ਗਾਲਾਂ ਕੱਢਦੇ ਸਨ, ਉਹਨਾਂ ਨੇ ਉਹੀ ਪੁਰਾਣੀ ਰਾਜਨੀਤੀ ਹੋਰ ਵਧੇਰੇ ਚਾਲਾਕੀ ਨਾਲ ਖੇਡਣੀ ਸ਼ੁਰੂ ਕਰ ਦਿੱਤੀ,ਬਲਕਿ ਉਹਨਾਂ ਨੇ ਰਾਜਨੀਤੀ ਨੂੰ ਅਸਲੋਂ ਆਪਣਾ ਕਾਰੋਬਾਰ ਬਣਾ ਲਿਆ। ਅੱਜ ਫਿਰ ਇੱਕ ਨਵਾਂ ਪ੍ਰਯੋਗ ਭਾਰਤ ਦੀ ਧਰਤੀ ਉੱਤੇ ਕੀਤਾ ਜਾ ਰਿਹਾ ਹੈ,ਜਿਸਦਾ ਸਿੱਧਾ ਪਰਭਾਵ ਪੰਜਾਬ ਉੱਤੇ ਪੈਂਦਾ ਦਿਖਾਈ ਦੇ ਰਿਹਾ ਹੈ।

"ਕਾਕਰੋਚ ਜਨਤਾ ਦਲ" ਨਾਮ ਦੀ ਇੱਕ ਨਵੀਂ ਪਾਰਟੀ ਨੂੰ ਰਾਤੋ-ਰਾਤ ਇਸ ਤਰ੍ਹਾਂ ਉਭਾਰਿਆ ਗਿਆ ਹੈ ਜਿਵੇਂ ਕੋਈ ਬਹੁਤ ਵੱਡੀ ਲੋਕ ਲਹਿਰ ਖੜੀ ਹੋ ਗਈ ਹੋਵੇ। ਸੋਸ਼ਲ ਮੀਡੀਆ ਦੇ ਰਾਹੀਂ ਇਸ ਪਾਰਟੀ ਦਾ ਐਨਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਆਮ ਬੰਦਾ ਵੀ ਹੈਰਾਨ ਹੋ ਰਿਹਾ ਹੈ ਕਿ ਆਖਿਰ ਇਹ ਤਾਕਤ ਆਈ ਕਿੱਥੋਂ। ਕੱਲ੍ਹ ਤੱਕ ਜਿਸ ਪਾਰਟੀ ਦਾ ਨਾਮ ਕਿਸੇ ਨੇ ਨਹੀਂ ਸੁਣਿਆ ਸੀ,ਉਹ ਅਚਾਨਕ ਲੱਖਾਂ ਮੈਂਬਰਾਂ ਵਾਲੀ ਪਾਰਟੀ ਕਿਵੇਂ ਬਣ ਗਈ,ਇਹੀ ਉਹ ਸਵਾਲ ਹਨ,ਜਿੰਨਾਂ ਨੂੰ ਸਮਝਣ ਦੀ ਲੋੜ ਹੈ।ਇਹ ਵੀ ਸ਼ਿੱਦਤ ਨਾਲ ਸਮਝਣ ਅਤੇ ਯਾਦ ਰੱਖਣ ਦੀ ਲੋੜ ਹੈ ਕਿ ਭਾਰਤ ਦੀ ਰਾਜਨੀਤੀ ਵਿੱਚ ਕਦੇ ਵੀ ਕੋਈ ਵੱਡਾ ਪ੍ਰਯੋਗ ਅਚਾਨਕ ਨਹੀਂ ਹੁੰਦਾ,ਹਰ ਵਰਤਾਰੇ ਪਿੱਛੇ ਕੋਈ ਡੂੰਘੀ ਸਾਜਿਸ਼ ਜਰੂਰ ਹੁੰਦੀ ਹੈ।ਹਰ ਪ੍ਰਯੋਗ ਦੇ ਪਿੱਛੇ ਵੱਡੀਆਂ ਤਾਕਤਾਂ ਦੀ ਕੋਈ ਨਾ ਕੋਈ ਡੂੰਘੀ ਰਣਨੀਤੀ ਕੰਮ ਕਰਦੀ ਹੈ। ਅੰਨਾ ਹਜ਼ਾਰੇ ਦਾ ਅੰਦੋਲਨ ਵੀ ਸਿਰਫ਼ "ਭ੍ਰਿਸ਼ਟਾਚਾਰ ਵਿਰੋਧੀ ਲਹਿਰ" ਨਹੀਂ ਸੀ, ਬਲਕਿ ਉਸ ਦੇ ਪਿੱਛੇ ਵੱਡੀਆਂ ਤਾਕਤਾਂ ਦੀ ਦੰਭੀ ਸੋਚ ਕੰਮ ਕਰਦੀ ਸੀ,ਨਤੀਜੇ ਵਜੋਂ ਭਾਰਤੀ ਰਾਜਨੀਤੀ ਦਾ ਪੂਰਾ ਪਾਵਰ ਸੈਂਟਰ ਹੀ ਬਦਲ ਗਿਆ। ਉਸ ਅੰਦੋਲਨ ਨੇ ਇੱਕ ਪਾਸੇ ਕਾਂਗਰਸ ਨੂੰ ਇਤਿਹਾਸਕ ਤੌਰ ਤੇ ਬੁਰੀ ਤਰਾਂ ਕਮਜ਼ੋਰ ਕਰ ਦਿੱਤਾ ਅਤੇ ਦੂਜੇ ਪਾਸੇ ਨਵੀਂਆਂ ਰਾਜਨੀਤਿਕ ਤਾਕਤਾਂ ਨੂੰ ਅੰਨ੍ਹਾ ਬਲ ਪਰਦਾਨ ਕੀਤਾ।ਇਸ ਲਈ ਅੱਜ ਜਦੋਂ ਕਾਕਰੋਚ ਨਾਮ ਹੇਠ ਇੱਕ ਨਵੀਂ ਰਾਜਨੀਤਿਕ ਲਹਿਰ ਨੂੰ ਖੜਾ ਕਰਨ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਅੰਨਾ ਹਜਾਰੇ ਦੇ ਅੰਦੋਲਨ ਤੇ ਝਾਤ ਪਾ ਲੈਣੀ ਜਰੂਰੀ ਹੈ,ਇਸ ਨੂੰ ਸਿਰਫ਼ ਇੱਕ ਮਜ਼ਾਕ ਜਾਂ ਨੌਜਵਾਨਾਂ ਦੀ ਭਾਵਨਾਤਮਕ ਪ੍ਰਤੀਕਿਰਿਆ ਸਮਝਣਾ ਵੱਡੀ ਭੁੱਲ ਹੋਵੇਗੀ।ਕਿਹਾ ਜਾ ਰਿਹਾ ਹੈ ਕਿ ਭਾਰਤ ਦੇ ਚੀਫ ਜਸਟਿਸ ਵੱਲੋਂ ਨੌਜਵਾਨਾਂ ਲਈ ਕਾਕਰੋਚ ਵਰਗਾ ਮਾੜਾ ਸ਼ਬਦ ਵਰਤਿਆ ਗਿਆ ਅਤੇ ਉਸੇ ਤੋਂ ਪ੍ਰੇਰਿਤ ਹੋ ਕੇ ਇਹ ਪਾਰਟੀ ਹੋਂਦ ਵਿੱਚ ਆਈ। ਜੇਕਰ ਇਹ ਨੂੰ ਸੱਚ ਵੀ ਮੰਨ ਲਿਆ ਜਾਵੇ,ਤਾਂ ਸਭ ਤੋਂ ਵੱਡਾ ਸਵਾਲ ਇਹ ਹੈ ਕਿ,ਕੀ ਕਿਸੇ ਗਾਲ੍ਹ ਨੂੰ ਆਪਣੀ ਪਹਿਚਾਣ ਬਣਾਉਣਾ ਕੋਈ ਸਿਆਣਪ ਹੈ ? ਕਾਕਰੋਚ ਗਟਰ ਦਾ ਇੱਕ ਗੰਦਾ ਕੀੜਾ ਹੈ। ਲੋਕ ਆਪਣੇ ਘਰਾਂ ਵਿੱਚੋਂ ਕਾਕਰੋਚਾਂ ਨੂੰ ਮਾਰਨ ਲਈ ਜਹਿਰੀਲੀਆਂ ਦਵਾਈਆਂ ਛਿੜਕਦੇ ਹਨ। ਫਿਰ ਕਿਸ ਤਰ੍ਹਾਂ ਇੱਕ ਗੈਰਤਮੰਦ ਕੌਮ ਦਾ ਨੌਜਵਾਨ ਆਪਣੇ ਆਪ ਨੂੰ ਉਸ ਗਟਰ ਦੇ ਕੀੜੇ ਦੇ ਨਾਮ ਨਾਲ ਜੋੜ ਕੇ ਮਾਣ ਮਹਿਸੂਸ ਕਰ ਸਕਦਾ ਹੈ ? ਇਹ ਉਹ ਮਾਨਸਿਕ ਗੁਲਾਮੀ ਹੈ ਜਿਸ ਨੂੰ ਮਨ ਮਸਤਕ ਵਿੱਚੋਂ ਕੱਢਣਾ ਪਵੇਗਾ।ਪੰਜਾਬ ਦੀ ਧਰਤੀ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇੱਥੇ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਰਪਾਨ ਦੀ ਧਾਰ ਚੋਂ ਇੱਕ ਐਸੀ ਕੌਮ ਤਿਆਰ ਕੀਤੀ ਸੀ ਜੋ ਗੁਲਾਮੀ ਨੂੰ ਕਦੇ ਕਬੂਲ ਨਾ ਕਰੇ। ਉਹਨਾਂ ਨੇ ਮੁਰਦਾ ਜ਼ਮੀਰਾਂ ਵਿੱਚ ਜਾਨ ਪਾਈ ਸੀ। ਡਰੇ ਹੋਏ ਗੀਦੀ ਲੋਕਾਂ ਨੂੰ ਸ਼ੇਰ ਬਣਾਇਆ ਸੀ। ਇਸ ਲਈ ਹੀ ਸਿੰਘ ਸਿਰਦਾਰ ਦਾ ਖਿਤਾਬ ਦਿੱਤਾ ਗਿਆ ਸੀ।ਸਿੰਘ ਦਾ ਅਰਥ ਹੀ ਆਜ਼ਾਦੀ, ਦਲੇਰੀ ਅਤੇ ਖੁਦਦਾਰੀ ਹੈ।ਗੁਰੂ ਸਾਹਿਬਾਨਾਂ ਨੇ ਬਾਜ ਰੱਖ ਕੇ ਜਿੱਥੇ ਸਮੇ ਦੇ ਹਾਕਮ ਨੂੰ ਚਣੌਤੀ ਦਿੱਤੀ,ਓਥੇ ਆਪਣੇ ਸਿੱਖਾਂ ਨੂੰ ਵੀ ਬਾਜ ਪਰਵਿਰਤੀ ਨਾਲ ਜਿਉਣ ਦੀ ਪ੍ਰੇਰਣਾ ਦਿੱਤੀ।ਕਿਉਂਕਿ ਬਾਜ ਕਦੇ ਗੁਲਾਮ ਨਹੀਂ ਰਹਿੰਦਾ। ਬਾਜ ਪਿੰਜਰੇ ਵਿੱਚ ਬੰਦ ਹੋ ਕੇ ਜੀਉਣ ਨਾਲੋਂ ਮਰਨਾ ਬਿਹਤਰ ਸਮਝਦਾ ਹੈ। ਬਾਜ ਆਪਣੀ ਉਡਾਣ ਲਈ ਜਾਣਿਆ ਜਾਂਦਾ ਹੈ, ਆਪਣੀ ਖੁਦਮੁਖਤਿਆਰੀ ਲਈ ਜਾਣਿਆ ਜਾਂਦਾ ਹੈ।ਪਰ ਅੱਜ ਭਾਰਤ ਦੇ ਨਾਲ ਪੰਜਾਬ ਦੇ ਨੌਜਵਾਨਾਂ ਅੰਦਰ ਵੀ ਕਾਕਰੋਚ ਬਣਨ ਵਾਲੀ ਮਾਨਸਿਕਤਾ ਪੈਦਾ ਕੀਤੀ ਜਾ ਰਹੀ ਹੈ। ਉਹਨਾਂ ਨੂੰ ਇਹ ਸਮਝਾਇਆ ਜਾ ਰਿਹਾ ਹੈ ਕਿ ਆਪਣੀ ਬੇਇਜ਼ਤੀ ਨੂੰ ਵੀ ਮਾਣ ਸਮਝੋ। ਗਾਲ਼ ਨੂੰ ਆਪਣੀ ਪਛਾਣ ਬਣਾਓ।ਇਹ ਇੱਕ ਬਹੁਤ ਗਹਿਰਾ ਮਨੋਵਿਗਿਆਨਿਕ ਹਮਲਾ ਹੈ।ਇਹ ਉਹੀ ਨੀਤੀ ਹੈ ਜਿਸ ਰਾਹੀਂ ਪਹਿਲਾਂ ਲੋਕਾਂ ਦੀ ਸੋਚ ਨੂੰ ਬਦਲਿਆ ਜਾਂਦਾ ਹੈ, ਫਿਰ ਉਹਨਾਂ ਦੀ ਰਾਜਨੀਤਿਕ ਦਿਸ਼ਾ ਅਤੇ ਦਸ਼ਾ ਨੂੰ।ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ। ਇੱਥੇ ਇੱਕ ਝੂਠ ਨੂੰ ਵੀ ਹਜ਼ਾਰ ਵਾਰ ਦੁਹਰਾ ਕੇ ਸੱਚ ਬਣਾ ਦਿੱਤਾ ਜਾਂਦਾ ਹੈ। ਟਰੈਂਡ ਚਲਾਏ ਜਾਂਦੇ ਹਨ। ਰਾਤੋ-ਰਾਤ ਨਾਇਕ ਬਣਾਏ ਜਾਂਦੇ ਹਨ ਅਤੇ ਰਾਤੋ-ਰਾਤ ਖਲਨਾਇਕ। ਦਿੱਲੀ ਅੰਦੋਲਨ ਦੌਰਾਨ ਲਾਲ ਕਿਲੇ ਦੀ ਘਟਨਾ ਤੋ ਬਾਅਦ ਮਰਹੂਮ ਦੀਪ ਸਿੱਧੂ ਦੇ ਖਿਲਾਫ ਵੀ ਇਸੇ ਤਰਜ ਦਾ ਝੂਠਾ ਵਿਰਤਾਂਤ ਸਿਰਜ ਕੇ ਪਲਾਂ ਵਿੱਚ ਹੀ ਉਹਦੀ ਸਬੀ, ਲੋਕ ਦੁਸ਼ਮਣ ਵਾਲੀ ਬਣਾ ਦਿੱਤੀ ਗਈ ਸੀ,ਜਦੋਂ ਕਿ ਉਹਨੂੰ ਪੰਜਾਬ ਪ੍ਰਸਤੀ ਬਦਲੇ ਅਪਣੀ ਜਾਨ ਤੱਕ ਗੁਆਉਣੀ ਪਈ।ਇਸ ਕਰਕੇ ਜਦੋਂ ਕੋਈ ਅਜਿਹਾ ਨਵਾਂ ਵਿਰਤਾਂਤ ਸਿਰਜਿਆ ਜਾਂਦਾ ਹੈ,ਕੋਈ ਨਵੀਂ ਰਾਜਨੀਤਿਕ ਲਹਿਰ ਅਚਾਨਕ ਖੜੀ ਹੁੰਦੀ ਹੈ ਤਾਂ ਉਸ ਦੇ ਪਿੱਛੇ ਕੰਮ ਕਰ ਰਹੀਆਂ ਤਾਕਤਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ।ਸਭ ਤੋਂ ਵੱਡਾ ਸਵਾਲ ਇਹ ਹੈ ਕਿ ਇਸ ਕਾਕਰੋਚ ਰਾਜਨੀਤੀ ਦਾ ਅਸਲ ਏਜੰਡਾ ਕੀ ਹੈ ?ਕੀ ਇਹ ਨੌਜਵਾਨਾਂ ਦੀ ਨਿਰਾਸ਼ਾ ਨੂੰ ਵਰਤ ਕੇ ਇੱਕ ਹੋਰ ਰਾਜਨੀਤਿਕ ਪ੍ਰਯੋਗ ਕੀਤਾ ਜਾ ਰਿਹਾ ਹੈ ?

ਕੀ ਇਹ ਪਾਰਟੀ ਸੱਤਾ ਵਿੱਚ ਆ ਕੇ ਵਾਕਈ ਕੋਈ ਨਵਾਂ ਪ੍ਰਬੰਧ ਦੇਵੇਗੀ ਜਾਂ ਫਿਰ ਉਹੀ ਪੁਰਾਣਾ ਢਾਂਚਾ ਨਵੇਂ ਚਿਹਰਿਆਂ ਨਾਲ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ ਅਤੇ ਲੋਕ ਇੱਕ ਵਾਰ ਫਿਰ ਠੱਗੇ ਜਾਣਗੇ।ਇਹ ਸਵਾਲ ਇਸ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਪੰਜਾਬ ਪਹਿਲਾਂ ਹੀ ਕਈ ਰਾਜਨੀਤਿਕ ਪ੍ਰਯੋਗਾਂ ਦੀ ਮਾਰ ਝੱਲ ਚੁੱਕਿਆ ਹੈ।ਕਦੇ ਨਸ਼ਿਆਂ ਅਤੇ ਪੈਸੇ ਦੀ ਰਾਜਨੀਤੀ ਨਾਲ ਨੌਜਵਾਨੀ ਨੂੰ ਤਬਾਹ ਕੀਤਾ ਗਿਆ। ਕਦੇ ਬਦਲਾਅ ਦੇ ਲਾਰੇ ਤੇ ਨਾਅਰੇ ਦੀ ਦੰਭੀ ਰਾਜਨੀਤੀ ਲੋਕ ਭਾਵਨਾਵਾਂ ਨਾਲ ਖੇਡਣ ਵਿੱਚ ਸਫਲ ਹੋ ਜਾਂਦੀ ਹੈ। ਹਰ ਵਾਰੀ ਪੰਜਾਬ ਨੇ ਵਿਸ਼ਵਾਸ ਕੀਤਾ ਅਤੇ ਹਰ ਵਾਰੀ ਪੰਜਾਬ ਨੂੰ ਧੋਖਾ ਮਿਲਿਆ।ਇਸ ਲਈ ਹੁਣ ਪੰਜਾਬ ਦੇ ਲੋਕਾਂ ਨੂੰ ਖਾਸ ਕਰਕੇ ਨੌਜਵਾਨੀ ਨੂੰ ਬਹੁਤ ਸਾਵਧਾਨ ਰਹਿਣ ਦੀ ਲੋੜ ਹੈ।ਕਿਸੇ ਵੀ ਪਾਰਟੀ ਦਾ ਮੈਨੀਫੈਸਟੋ ਪੜ੍ਹ ਕੇ ਉਸ ਦੇ ਪਿੱਛੇ ਅੱਖਾਂ ਬੰਦ ਕਰਕੇ ਲੱਗ ਜਾਣਾ ਸਿਆਣਪ ਨਹੀਂ ਹੁੰਦੀ। ਸਿਆਣਪ ਇਹ ਹੁੰਦੀ ਹੈ ਕਿ ਪਹਿਲਾਂ ਉਸ ਪਾਰਟੀ ਦੇ ਪਿੱਛੇ ਖੜੀਆਂ ਤਾਕਤਾਂ ਨੂੰ ਸਮਝਿਆ ਜਾਵੇ। ਉਸ ਦੀ ਫੰਡਿੰਗ ਨੂੰ ਸਮਝਿਆ ਜਾਵੇ। ਉਸ ਦੇ ਏਜੰਡੇ ਨੂੰ ਸਮਝਿਆ ਜਾਵੇ।ਕਿਉਂਕਿ ਇਤਿਹਾਸ ਗਵਾਹ ਹੈ ਕਿ ਭਾਰਤ ਵਿੱਚ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਵਰਤ ਕੇ ਬਹੁਤ ਵੱਡੇ ਰਾਜਨੀਤਿਕ ਖੇਡ ਖੇਡੇ ਗਏ ਹਨ।ਪੰਜਾਬ ਲਈ ਸਭ ਤੋਂ ਵੱਡਾ ਖਤਰਾ ਇਹ ਹੈ ਕਿ ਇੱਥੋਂ ਦੀ ਨੌਜਵਾਨੀ ਪਹਿਲਾਂ ਹੀ ਬੇਰੁਜ਼ਗਾਰੀ, ਨਸ਼ਿਆਂ, ਮਾਈਗ੍ਰੇਸ਼ਨ ਅਤੇ ਮਾਨਸਿਕ ਤਣਾਅ ਨਾਲ ਜੂਝ ਰਹੀ ਹੈ। ਐਸੇ ਮਾਹੌਲ ਵਿੱਚ ਜੇਕਰ ਕੋਈ ਨਵੀਂ ਲਹਿਰ ਉਹਨਾਂ ਨੂੰ ਬਗਾਵਤ ਦੇ ਨਾਮ ਤੇ ਆਪਣੇ ਨਾਲ ਜੋੜਦੀ ਹੈ ਤਾਂ ਨੌਜਵਾਨ ਬੜੀ ਤੇਜ਼ੀ ਨਾਲ ਪ੍ਰਭਾਵਿਤ ਹੋ ਸਕਦੇ ਹਨ।ਪਰ ਬਗਾਵਤ ਅਤੇ ਭਟਕਾਵੇ ਵਿੱਚ ਬਹੁਤ ਵੱਡਾ ਫਰਕ ਹੁੰਦਾ ਹੈ।ਗੁਰੂ ਸਾਹਿਬਾਨਾਂ ਨੇ ਵੀ ਜ਼ੁਲਮ ਦੇ ਖਿਲਾਫ਼ ਬਗਾਵਤ ਕਰਨ ਦੀ ਤਾਕੀਦ ਕੀਤੀ ਸੀ,ਉਹ ਬਗਾਵਤ ਇਨਸਾਨੀ ਅਜ਼ਾਦੀ ਲਈ ਸੀ,ਉਹ ਖੁਦਦਾਰੀ ਲਈ ਸੀ।ਪਰ ਜੇਕਰ ਕੋਈ ਭਾਵਨਾਤਮਕ ਲਹਿਰ ਤੁਹਾਡੀ ਪਛਾਣ ਹੀ ਇੱਕ ਗੰਦੇ ਕੀੜੇ ਨਾਲ ਜੋੜ ਕੇ ਕਰਦੀ ਹੋਵੇ,ਤਾਂ ਫਿਰ ਜਰੂਰ ਇਹ ਸੋਚਣ ਦੀ ਲੋੜ ਹੈ ਕਿ ਤੁਹਾਨੂੰ ਮਾਨਸਿਕ ਤੌਰ ਤੇ ਹੋਰ ਹੇਠਾਂ ਕਿਉਂ ਸੁੱਟਿਆ ਜਾ ਰਿਹਾ ਹੈ। ਪੰਜਾਬ ਦੀ ਨੌਜਵਾਨੀ ਨੂੰ ਯਾਦ ਰੱਖਣਾ ਪਵੇਗਾ ਕਿ ਉਹ ਗੁਰੂਆਂ ਦੇ ਵਾਰਸ ਹਨ।ਉਹ ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਅਤੇ ਨਲੂਏ,ਰਣਜੀਤ ਦੀ ਖਾਲਸ਼ਾਹੀ ਜਾਹੋ ਜਲਾਲ ਨਾਲ ਲਬਰੇਜ ਧਰਤੀ ਦੇ ਪੁੱਤਰ ਹਨ।ਉਹਨਾਂ ਦੀ ਪਛਾਣ ਸਿੰਘ,ਸਿਰਦਾਰ ਅਤੇ ਬਾਜ ਹੈ, ਕਾਕਰੋਚ ਬਿਲਕੁਲ ਵੀ ਨਹੀਂ।ਅੱਜ ਲੋੜ ਇਸ ਗੱਲ ਦੀ ਨਹੀਂ ਕਿ ਹਰ ਨਵੀਂ ਪਾਰਟੀ ਦੇ ਪਿੱਛੇ ਭੇਡਾਂ ਵਾਂਗ ਦੌੜਿਆ ਜਾਵੇ। ਲੋੜ ਇਸ ਗੱਲ ਦੀ ਹੈ ਕਿ ਹਰ ਨਵੀਂ ਲਹਿਰ ਦੇ ਪਿੱਛੇ ਕੰਮ ਕਰ ਰਹੀ ਰਾਜਨੀਤਿਕ ਇੰਜਨੀਅਰਿੰਗ ਨੂੰ ਸਮਝਿਆ ਜਾਵੇ।ਡੀਪ ਸਟੇਟ ਦੇ ਏਜੰਡੇ ਨੂੰ ਸਮਝਣ ਦੇ ਯਤਨ ਕੀਤੇ ਜਾਣ।ਕਿਉਂਕਿ ਜਿਹੜੀਆਂ ਕੌਮਾਂ ਸੋਚਣਾ ਛੱਡ ਦਿੰਦੀਆਂ ਹਨ, ਉਹ ਮਹਿਜ਼ ਭੀੜ ਬਣ ਕੇ ਰਹਿ ਜਾਂਦੀਆਂ ਹਨ।ਸੋ ਪੰਜਾਬ ਦੀ ਗੈਰਤਮੰਦ ਜੁਆਨੀ ਨੂੰ ਇਹ ਸੋਚਣਾ,ਸਮਝਣਾ ਪਵੇਗਾ ਕਿ ਉਹ ਕਾਕਰੋਚ ਨਹੀ, ਉਹ ਤਾਂ ਸਿੰਘ ਹਨ,ਬਾਜ ਹਨ,ਗੁਰੂ ਗੋਬਿੰਦ ਸਿੰਘ ਦੇ ਉਹ ਨਾਦੀ ਸ਼ੇਰ ਪੁੱਤਰ ਹਨ,ਜਿਹੜੇ ਹਿੰਦੂ ਰਾਜਿਆਂ ਅਤੇ ਮੁਗਲਾਂ ਦੀ ਸਾਂਝੀ ਦਸ ਲੱਖ ਫੌਜ ਤੇ ਭਾਰੂ ਪੈ ਗਏ ਸਨ।,ਜਿੰਨਾਂ ਨੇ ਕਦੇ ਅਫਗਾਨੀਆਂ,ਇਰਾਨੀਆਂ ਦੇ ਰਾਹ ਰੋਕੇ ਸਨ, ਜਿੰਨਾਂ ਨੇ ਰੂਸ,ਬਰਤਾਨੀਆਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖਤ ਸਾਹਿਬ ਤੇ ਚੜਕੇ ਆਏ,ਟੈਂਕਾਂ ਤੋਪਾਂ ਸਮੇਤ ਰਸ਼ਾਇਣਕ ਹਥਿਆਰਾਂ ਨਾਲ ਲੈਸ ਭਾਰਤੀ ਫੌਜਾਂ ਦੇ ਮੂੰਹ ਮੋੜ ਦਿੱਤੇ ਸਨ।ਸੋ ਪੰਜਾਬ ਵੱਲ ਕਹਿਰੀ ਅੱਖ ਨਾਲ ਦੇਖਣ ਵਾਲਿਆਂ ਦਾ ਰਾਹ ਰੋਕਣ ਵਾਲੀ ਪੰਜਾਬ ਦੀ ਜੁਆਨੀ ਜੇਕਰ ਦੁਵਾਰਾ ਫਿਰ ਗੁਮਰਾਹ ਹੋ ਕੇ ਕੁਰਾਹੇ ਪੈ ਗਈ,ਤਾਂ ਪੰਜਾਬ ਇੱਕ ਵਾਰ ਫਿਰ ਕਿਸੇ ਨਵੇਂ ਰਾਜਨੀਤਿਕ ਪ੍ਰਯੋਗ ਦੀ ਲੈਬ ਬਣ ਕੇ ਰਹਿ ਜਾਵੇਗਾ।ਪੰਜਾਬ ਨੂੰ ਕਾਕਰੋਚ ਬਣਨ ਦੀ ਬਜਾਏ ਆਪਣੀ ਰਾਜਨੀਤਕ ਤਾਕਤ ਨੂੰ ਮਜਬੂਤ ਕਰਨ ਦੀ ਜਰੂਰਤ ਹੈ,ਇਸ ਸੋਚ ਤੇ ਪਹਿਰਾ ਦਿੱਤੇ ਤੋ ਬਗੈਰ ਪੰਜਾਬ ਦਾ ਭਲਾ ਸੰਭਵ ਨਹੀ ਹੈ।

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਅਮਰੀਕਾ ਵੱਲੋਂ ਇਰਾਨ 'ਤੇ ਨਵੀਆਂ ਸਖ਼ਤ ਪਾਬੰਦੀਆਂ

**ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ**

ਅਮਰੀਕਾ ਨੇ ਇਰਾਨ 'ਤੇ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ। ਅਮਰੀਕੀ ਵਿੱਤ ਮੰਤਰਾਲੇ (ਟ੍ਰੇਜ਼ਰੀ ਡਿਪਾਰਟਮੈਂਟ) ਮੁਤਾਬਕ ਇਹ ਫ਼ੈਸਲਾ ਇਰਾਨ ਵੱਲੋਂ ਅੰਤਰਰਾਸ਼ਟਰੀ ਸਮੁੰਦਰੀ ਮਾਰਗ 'ਹੋਰਮੁਜ਼ ਜਲ ਮਾਰਗ' (ਸਟਰੇਟ ਆਫ ਹੋਰਮੁਜ਼) ਵਿਚ ਵਪਾਰਕ ਜਹਾਜ਼ਾਂ 'ਤੇ ਮੁੜ ਹਮਲੇ ਕਰਨ ਤੋਂ ਬਾਅਦ ਲਿਆ ਗਿਆ ਹੈ। ਮੰਤਰਾਲੇ ਨੇ ਦੱਸਿਆ ਕਿ ਇਨ੍ਹਾਂ ਪਾਬੰਦੀਆਂ ਦੇ ਘੇਰੇ ਵਿਚ ਦੁਬਈ ਵਿਚ ਰਹਿਣ ਵਾਲਾ ਇਰਾਨੀ ਬੈਂਕਰ ਅਤੇ ਨਾਮੀ ਕਾਰੋਬਾਰੀ ਅਲੀ ਅੰਸਾਰੀ ਸ਼ਾਮਲ ਹੈ, ਜਿਸ 'ਤੇ ਇਰਾਨ ਦੀ ਫੌਜ 'ਰੈਵੋਲਿਊਸ਼ਨਰੀ ਗਾਰਡਸ' (ਆਈ.ਆਰ.ਜੀ.ਸੀ.) ਨੂੰ ਵਿੱਤੀ ਸਹਾਇਤਾ ਦੇਣ ਦੇ ਦੋਸ਼ ਹੇਠ ਬ੍ਰਿਟੇਨ ਵੱਲੋਂ ਪਹਿਲਾਂ ਹੀ ਪਾਬੰਦੀ ਲਗਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ ਕਈ ਹੋਰ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਵੀ ਬਲੈਕਲਿਸਟ ਕੀਤਾ ਗਿਆ ਹੈ।

ਅਮਰੀਕੀ ਪ੍ਰਸ਼ਾਸਨ ਨੇ ਅਲੀ ਅੰਸਾਰੀ ਨੂੰ ਇਰਾਨ ਦੇ ਨਵੇਂ ਸਰਵਉੱਚ ਆਗੂ ਦਾ ਮੁੱਖ ਫਾਈਨਾਂਸਰ ਦੱਸਿਆ ਹੈ। ਮੰਤਰਾਲੇ ਮੁਤਾਬਕ ਅੰਸਾਰੀ ਨੇ ਜਨਤਕ ਫੰਡਾਂ ਦੇ ਪੈਸੇ ਦੀ ਹੇਰਾਫੇਰੀ ਕਰਕੇ ਵਿਦੇਸ਼ਾਂ ਵਿਚ ਰੀਅਲ ਅਸਟੇਟ ਅਤੇ ਵਪਾਰਕ ਖੇਤਰਾਂ ਵਿਚ ਇੱਕ ਵੱਡਾ ਸਾਮਰਾਜ ਖੜ੍ਹਾ ਕੀਤਾ ਹੈ, ਜਿਸਦੀ ਵਰਤੋਂ ਉਹ ਖ਼ੁਦ ਨੂੰ, ਇਰਾਨ ਦੇ ਸਰਕਾਰੀ ਪ੍ਰਭਾਵਸ਼ਾਲੀ ਲੋਕਾਂ ਨੂੰ



ਅਤੇ ਰੈਵੋਲਿਊਸ਼ਨਰੀ ਗਾਰਡਸ (ਆਈ.ਆਰ.ਜੀ.ਸੀ.) ਨੂੰ ਫਾਇਦਾ ਪਹੁੰਚਾਉਣ ਲਈ ਕਰ ਰਿਹਾ ਸੀ।

ਅਮਰੀਕੀ ਵਿੱਤ ਮੰਤਰਾਲੇ ਦੇ 'ਆਫਿਸ ਆਫ ਫੌਰਨ ਐਸੇਟਸ ਕੰਟਰੋਲ' (ਓ.ਐੱਫ.ਏ.ਸੀ.) ਨੇ ਇਰਾਨ ਦੇ ਉਨ੍ਹਾਂ ਮੁੱਖ ਐਕਸਚੇਂਜ ਹਾਊਸਾਂ (ਮਨੀ ਟ੍ਰਾਂਸਫਰ ਸੰਸਥਾਵਾਂ) ਨੂੰ ਵੀ ਨਿਸ਼ਾਨਾ ਬਣਾਇਆ ਹੈ, ਜੋ ਪਾਬੰਦੀਸ਼ੁਦਾ ਇਰਾਨੀ ਬੈਂਕਾਂ ਦੀ ਤਰਫ਼ੋਂ ਸਾਲਾਨਾ ਅਰਬਾਂ ਡਾਲਰਾਂ ਦਾ ਲੈਣ-ਦੇਣ ਕਰਦੇ ਸਨ। ਇਹ ਸੰਸਥਾਵਾਂ ਸਰਕਾਰ ਦੀਆਂ ਗ਼ੈਰ-ਕਾਨੂੰਨੀ ਵਿੱਤੀ ਗਤੀਵਿਧੀਆਂ ਨੂੰ ਲੁਕਾਉਣ ਲਈ ਕਈ ਪਰਤਾਂ ਵਾਲੀਆਂ ਫਰਜ਼ੀ (ਸ਼ੈੱਲ) ਕੰਪਨੀਆਂ ਦੇ ਨੈੱਟਵਰਕ ਦੀ ਵਰਤੋਂ ਕਰ ਰਹੀਆਂ ਸਨ, ਜਿਸ ਨੂੰ ਹੁਣ ਜ਼ਬਤ ਕਰ ਲਿਆ ਗਿਆ ਹੈ।

ਇਨ੍ਹਾਂ ਨਵੀਆਂ ਪਾਬੰਦੀਆਂ ਦਾ ਐਲਾਨ ਖੇਤਰ ਵਿਚ ਹਫ਼ਤੇ ਭਰ ਚੱਲੇ ਸੰਘਰਸ਼ ਤੋਂ ਬਾਅਦ ਸ਼ਾਂਤੀ ਦੇ ਮਾਹੌਲ ਦੌਰਾਨ ਕੀਤਾ ਗਿਆ ਹੈ। ਦੱਸ ਦੇਈਏ ਕਿ ਬੀਤੇ ਦਿਨੀਂ ਇਰਾਨ ਵੱਲੋਂ ਕਤਰ ਅਤੇ ਸਾਊਦੀ ਅਰਬ ਦੇ ਤਿੰਨ ਵਪਾਰਕ ਟੈਂਕਰਾਂ 'ਤੇ ਗੋਲੀਬਾਰੀ ਕੀਤੀ ਗਈ ਸੀ, ਜਿਸ ਦੇ ਜਵਾਬ ਵਿਚ ਅਮਰੀਕਾ ਨੇ ਇਰਾਨੀ ਟਿਕਾਣਿਆਂ 'ਤੇ ਹਮਲੇ ਕੀਤੇ ਸਨ। ਇਸ ਤੋਂ ਬਾਅਦ ਇਰਾਨ ਨੇ ਵੀ ਖਾੜੀ ਦੇਸ਼ਾਂ (ਗਲਫ ਸਟੇਟਸ) ਵਿਚ ਸਥਿਤ ਅਮਰੀਕੀ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਜਵਾਬੀ ਕਾਰਵਾਈ ਕੀਤੀ ਸੀ, ਜਿਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਸਿਆਸੀ ਅਤੇ ਫ਼ੌਜੀ ਤਣਾਅ ਬਹੁਤ ਜ਼ਿਆਦਾ ਵਧ ਗਿਆ ਹੈ।

# ਕੈਨੇਡਾ-ਅਮਰੀਕਾ ਦਰਮਿਆਨ ਆਵਾਜਾਈ ਲਈ ਡੈਟਰੋਇਟ ਦਰਿਆ 'ਤੇ ਬਣਿਆ ਨਵਾਂ ਅੰਤਰਰਾਸ਼ਟਰੀ ਪੁਲ ਚਾਲੂ ਹੋਣ ਲਈ ਤਿਆਰ

**ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ**

ਕੈਨੇਡਾ ਅਤੇ ਅਮਰੀਕਾ ਦਰਮਿਆਨ ਆਰ-ਪਾਰ ਆਵਾਜਾਈ ਲਈ ਡੈਟਰੋਇਟ ਦਰਿਆ ਉੱਤੇ ਬਣਾਇਆ ਗਿਆ ਛੇ ਲੇਨ ਵਾਲਾ ਵਿਸ਼ਾਲ ਪੁੱਲ ਜਲਦ ਹੀ ਚਾਲੂ ਹੋਣ ਜਾ ਰਿਹਾ ਹੈ, ਜਿਸ ਨੂੰ ਹੁਣ ਹਰੀ ਝੰਡੀ ਮਿਲ ਗਈ ਹੈ। ਭਾਰੀ ਵਾਹਨਾਂ, ਦੋ-ਪਹੀਆ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਵੱਖਰੇ ਰਸਤਿਆਂ ਵਾਲਾ ਇਹ ਮਜ਼ਬੂਤ ਤਾਰਾਂ 'ਤੇ ਟਿਕਿਆ (ਕੇਬਲ-ਸਟੇਡ) ਢਾਈ ਕਿਲੋਮੀਟਰ ਲੰਮਾ, 123 ਫੁੱਟ ਚੌੜਾ ਅਤੇ 272 ਫੁੱਟ ਉੱਚਾ ਪੁੱਲ, ਕੈਨੇਡਾ ਦੇ ਸ਼ਹਿਰ ਵਿੰਡਸਰ ਅਤੇ ਅਮਰੀਕੀ ਸੂਬੇ ਮਿਸ਼ੀਗਨ ਦੇ ਸ਼ਹਿਰ ਡੈਟਰੋਇਟ ਨੂੰ ਆਪਸ ਵਿਚ ਜੋੜੇਗਾ। ਇਹ ਪੁੱਲ ਕੈਨੇਡਾ ਦੇ ਹਾਈਵੇਅ 401 ਅਤੇ ਅਮਰੀਕਾ ਦੇ ਹਾਈਵੇਅ 75 ਦਾ ਇੱਕ ਅਹਿਮ ਜੋੜ ਬਣੇਗਾ।

ਸਾਲ 2018 ਵਿਚ ਸ਼ੁਰੂ ਹੋਈ ਇਸ ਪੁੱਲ ਦੀ ਉਸਾਰੀ ਅੱਠ ਸਾਲਾਂ ਵਿਚ ਮੁਕੰਮਲ ਹੋਈ ਹੈ। ਇਹ ਪੁੱਲ 90 ਸਾਲ ਪੁਰਾਣੇ 'ਅੰਬੈਸਡਰ ਬ੍ਰਿਜ' ਦੀ



ਥਾਂ ਲਵੇਗਾ, ਜੋ ਹੁਣ ਦੋਵਾਂ ਦੇਸ਼ਾਂ ਦੀ ਵਧਦੀ ਆਵਾਜਾਈ ਦਾ ਭਾਰ ਝੱਲਣ ਤੋਂ ਅਸਮਰੱਥ ਹੋ ਗਿਆ ਸੀ। ਉੱਤਰੀ ਅਮਰੀਕਾ ਵਿਚ ਤਾਰਾਂ 'ਤੇ ਟਿਕੇ ਪੁਲਾਂ ਵਿਚੋਂ ਇਹ ਸਭ ਤੋਂ ਲੰਮੇ ਸਪੈਨ ਵਾਲਾ ਪੁੱਲ ਹੈ।

ਇਸ ਦਾ ਨਾਂ ਅਮਰੀਕਾ ਦੇ ਪ੍ਰਸਿੱਧ ਆਈਸ ਹਾਕੀ ਖਿਡਾਰੀ ਦੇ ਨਾਂ 'ਤੇ ਰੱਖਿਆ ਗਿਆ ਹੈ। 6 ਅਰਬ ਡਾਲਰ ਦੀ ਲਾਗਤ ਨਾਲ ਤਿਆਰ ਹੋਏ ਇਸ ਪੁੱਲ ਦੇ ਖਰਚੇ ਦੀ ਵੰਡ ਦੋਵਾਂ ਦੇਸ਼ਾਂ ਨੇ ਬਰਾਬਰ ਕੀਤੀ ਹੈ। ਨਿੱਜੀ ਕੰਪਨੀ ਦੀ ਮਾਲਕੀ ਵਾਲੇ ਅੰਬੈਸਡਰ ਬ੍ਰਿਜ ਵਾਂਗ, ਵਾਹਨਾਂ ਨੂੰ ਇਸ ਪੁੱਲ ਦੀ ਵਰਤੋਂ ਕਰਨ ਬਦਲੇ ਟੌਲ ਟੈਕਸ ਭਰਨਾ ਪਵੇਗਾ। ਇਸ ਪੁੱਲ ਦੀ ਠੇਕੇਦਾਰ ਕੰਪਨੀ ਵੱਲੋਂ ਇਸਨੂੰ 1 ਜੂਨ ਤੋਂ ਚਾਲੂ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਦੋਵਾਂ ਦੇਸ਼ਾਂ ਦੇ ਕੁਝ ਖਦਸ਼ਿਆਂ ਕਾਰਨ ਇਸ ਵਿਚ ਦੇਰੀ ਹੁੰਦੀ ਗਈ। ਆਖਰਕਾਰ ਦੋਵਾਂ ਦੇਸ਼ਾਂ ਵੱਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਹੁਣ ਇਸਦੇ ਚਾਲੂ ਹੋਣ ਦਾ ਰਸਮੀ ਐਲਾਨ ਕਰ ਦਿੱਤਾ ਗਿਆ ਹੈ। ਇੱਕ-ਦੋ ਦਿਨਾਂ ਵਿਚ ਇਸਦੇ ਉਦਘਾਟਨ ਦਾ ਦਿਨ ਐਲਾਨਿਆ ਜਾ ਸਕਦਾ ਹੈ, ਜੋ ਕੰਪਨੀ ਅਨੁਸਾਰ ਜੁਲਾਈ ਦੇ ਤੀਜੇ ਜਾਂ ਚੌਥੇ ਹਫਤੇ ਦਾ ਕੋਈ ਦਿਨ ਹੋਵੇਗਾ।

# ਨਸ਼ਾ ਤਸਕਰੀ ਤੇ ਕਤਲ ਮਾਮਲੇ 'ਚ ਲੋੜੀਂਦਾ ਪੰਜਾਬੀ 'ਅਪਰੇਸ਼ਨ ਹਾਰਡ ਬਾਲ' ਤਹਿਤ ਫਰਾਂਸ 'ਚ ਕਾਬੂ

**ਫਰਾਂਸ
ਸਾਂਝੀ ਸੋਚ ਬਿਊਰੋ**

ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਕਮਿਸ਼ਨਰ ਦੀ ਤਰਫ਼ੋਂ ਪੈਸਫਿਕ ਖੇਤਰ ਦੇ ਫੈਡਰਲ ਮੀਡੀਆ ਵੱਲੋਂ ਜਾਰੀ ਕੀਤੇ ਗਏ ਸੰਦੇਸ਼ ਵਿਚ ਦੱਸਿਆ ਗਿਆ ਹੈ ਕਿ 'ਅਪਰੇਸ਼ਨ ਹਾਰਡ ਬਾਲ' ਰਾਹੀਂ ਨਸ਼ਾ ਤਸਕਰੀ, ਹਿੰਸਾ ਅਤੇ ਕਤਲਾਂ ਦੇ ਮਾਮਲਿਆਂ ਵਿਚ ਸ਼ਾਮਲ ਵੈਸਟ ਵੈਨਕੂਵਰ ਦੇ ਰਹਿਣ ਵਾਲੇ ਗੁਰਿੰਦਰ ਸਿੰਘ ਦਿਓ (40) ਨੂੰ ਫਰਾਂਸ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸਨੂੰ ਜਲਦ ਹੀ ਅਮਰੀਕਾ ਲਿਆਂਦਾ ਜਾ ਰਿਹਾ ਹੈ, ਜਿੱਥੇ ਉਹ ਸਾਂਝੇ ਜਾਂਚ ਦਲ ਵੱਲੋਂ ਲਗਾਏ ਗਏ ਸਾਰੇ ਦੋਸ਼ਾਂ ਦਾ ਸਾਹਮਣਾ ਕਰੇਗਾ। ਜਾਰੀ ਕੀਤੇ ਗਏ ਇਸ ਪ੍ਰੈੱਸ ਨੋਟ ਦੀ ਵਿਸ਼ੇਸ਼ਤਾ ਇਹ ਹੈ ਕਿ ਇਸਨੂੰ ਅੰਗਰੇਜ਼ੀ, ਫਰੈਂਚ, ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਜਾਰੀ ਕੀਤਾ ਗਿਆ ਹੈ, ਜੋ ਕਿ ਕੈਨੇਡਾ ਦੀ ਕੇਂਦਰੀ ਪੁਲਿਸ ਵੱਲੋਂ ਪਹਿਲੀ ਵਾਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਿੰਦਰ ਦਿਓ ਉਸੇ ਪਿੰਦੀ ਦਿਓ ਦੇ ਪਰਿਵਾਰ ਵਿਚੋਂ ਹੈ, ਜਿਸ ਦਾ ਨਾਂ ਪੰਜਾਬ ਦੇ ਚਰਚਿਤ 6 ਹਜ਼ਾਰ ਕਰੋੜ ਰੁਪਏ ਦੇ ਡਰੱਗ ਕਾਂਡ ਵਿਚ ਸਾਹਮਣੇ ਆਇਆ ਸੀ ਅਤੇ ਗੁਰਿੰਦਰ ਦੇ ਇੱਕ ਭਰਾ ਸੁੱਖ ਦਿਓ (34) ਦੀ ਕੁਝ ਸਾਲ ਪਹਿਲਾਂ ਟੋਰਾਂਟੋ ਵਿਚ ਹੱਤਿਆ ਕਰ ਦਿੱਤੀ ਗਈ ਸੀ।

ਸੂਤਰਾਂ ਅਨੁਸਾਰ ਪੁਲਿਸ ਗੁਰਿੰਦਰ ਦੇ ਦੋ ਭਰਾਵਾਂ ਅਤੇ ਹੋਰ ਨੇੜਲਿਆਂ ਨੂੰ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕਰ ਰਹੀ ਹੈ ਅਤੇ ਪੁਲਿਸ ਦਾ ਦਾਅਵਾ ਹੈ ਕਿ ਗੁਰਿੰਦਰ ਦਿਓ, ਉਸਦੀ ਪਤਨੀ, ਭੈਣ ਅਤੇ ਜੀਜੇ ਦੀ ਮਾਲਕੀ ਵਾਲੇ 55 ਲੱਖ ਡਾਲਰ ਦੀ ਕੀਮਤ ਦੇ ਤਿੰਨ ਘਰ ਗੈਰ-ਕਾਨੂੰਨੀ ਕਮਾਈ ਨਾਲ ਬਣਾਏ ਗਏ ਹਨ, ਜਿਨ੍ਹਾਂ ਨੂੰ ਸਰਕਾਰੀ ਕਬਜ਼ੇ ਵਿਚ ਲਿਆ ਜਾਵੇਗਾ। ਇਸੇ ਕੇਸ ਵਿਚ ਫੜੇ ਗਏ ਰਵਿੰਦਰ ਢੰਡਾ, ਜਸਕਰਨ ਬਾਗੜੀ ਅਤੇ ਗੁਰਦੇਵ ਸਮਾਘ ਨੂੰ ਅੱਜ ਬੀ.ਸੀ. ਸੁਪਰੀਮ ਕੋਰਟ ਵਿਚ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਅਮਰੀਕਾ ਦੇ ਸਪੁਰਦ ਕਰਨ ਬਾਰੇ ਫੈਸਲਾ ਲਿਆ ਜਾਣਾ ਹੈ, ਪਰ ਜੱਜ ਨੇ ਸੁਣਵਾਈ ਕਰਨ ਦੇ ਬਾਵਜੂਦ ਅਜੇ ਫੈਸਲਾ ਰਾਖਵਾਂ ਰੱਖਕੇ ਮਾਮਲੇ ਨਾਲ ਸਬੰਧਤ ਜਾਣਕਾਰੀ ਨਸ਼ਰ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ।



Space available for Ad
Contact # +1 (209) 303-1260
Contact # +91 81463-20009


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and
Post Cards to promote your business
BUSINESS CARD DESIGN
WE DESIGN YOUR
BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਲਾਹੌਰ 'ਚ ਗੁਰੂ ਹਰਗੋਬਿੰਦ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ 79 ਸਾਲਾਂ ਬਾਅਦ ਮੁੜ ਖੁੱਲ੍ਹਿਆ

ਲਾਹੌਰ
ਸਾਂਝੀ ਸੋਚ ਬਿਊਰੋ

ਲਾਹੌਰ ਵਿਚ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਇੱਕ ਇਤਿਹਾਸਕ ਗੁਰਦੁਆਰੇ ਨੂੰ 79 ਸਾਲਾਂ ਬਾਅਦ ਸੰਗਤ ਲਈ ਮੁੜ ਖੋਲ੍ਹ ਦਿੱਤਾ ਗਿਆ ਹੈ। ਸਾਲ 1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਇਹ ਅਸਥਾਨ ਬੰਦ ਪਿਆ ਸੀ। ਲਾਹੌਰ-ਕਸੂਰ ਰੋਡ 'ਤੇ ਸਥਿਤ ਇਤਿਹਾਸਕ ਪਿੰਡ ਅਮਰ ਸਿੱਧੂ (ਜੋ ਹੁਣ ਲਾਹੌਰ ਸ਼ਹਿਰ ਦਾ ਹਿੱਸਾ ਬਣ ਚੁੱਕਾ ਹੈ) ਵਿਖੇ ਸਥਿਤ 'ਗੁਰਦੁਆਰਾ ਪਾਤਸ਼ਾਹੀ ਛੇਵੀਂ' ਦਾ ਨਵੀਨੀਕਰਨ ਕਰਨ ਤੋਂ ਬਾਅਦ ਇਸ ਨੂੰ ਰਸਮੀ ਤੌਰ 'ਤੇ ਖੋਲ੍ਹਿਆ ਗਿਆ ਹੈ। ਇਸ ਖ਼ਾਸ ਮੌਕੇ 'ਤੇ ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਸ਼ਨਿੱਚਰਵਾਰ ਨੂੰ ਇਕੱਠੇ ਹੋ ਕੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਅਤੇ ਸ਼ੁਕਰਾਨੇ ਦੀ ਅਰਦਾਸ ਕੀਤੀ।

ਇਹ ਪਵਿੱਤਰ ਅਸਥਾਨ ਲਾਹੌਰ ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਸਬੰਧਤ ਤਿੰਨ ਇਤਿਹਾਸਕ ਗੁਰਦੁਆਰਿਆਂ ਵਿਚੋਂ ਇੱਕ ਹੈ। ਇਤਿਹਾਸਕ ਹਵਾਲਿਆਂ ਅਨੁਸਾਰ ਛੇਵੇਂ ਗੁਰੂ ਸਾਹਿਬ ਕਸ਼ਮੀਰ ਤੋਂ ਵਾਪਸ ਆਉਂਦੇ ਸਮੇਂ ਅੰਮ੍ਰਿਤਸਰ ਜਾਣ ਤੋਂ ਪਹਿਲਾਂ ਇਸ ਅਸਥਾਨ 'ਤੇ ਰੁਕੇ ਸਨ। ਇਹ ਅਸਥਾਨ ਬੀਬੀ ਕੌਲਾਂ ਜੀ ਨਾਲ ਵੀ ਜੁੜਿਆ ਹੋਇਆ ਹੈ, ਜਿਨ੍ਹਾਂ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਸਿੱਖ ਸੰਗਤ ਨਾਲ ਗੁਰੂ ਸਾਹਿਬ ਦੀ ਇਸ ਯਾਤਰਾ ਦੌਰਾਨ ਉਨ੍ਹਾਂ ਦੇ ਨਾਲ ਸਨ।

'ਗੁਰਦੁਆਰਾ ਪੀਡੀਆ' ਪੋਰਟਲ ਦੇ ਸੰਪਾਦਕ ਦਵਿੰਦਰ ਸਿੰਘ ਢਿੱਲੋਂ ਮੁਤਾਬਕ ਸ਼ੁਰੂਆਤ ਵਿਚ ਇਸ ਜਗ੍ਹਾ 'ਤੇ ਇੱਕ ਸਾਧਾਰਨ ਯਾਦਗਾਰ ਬਣੀ ਹੋਈ ਸੀ। ਸਾਲ 1923 ਵਿਚ ਲਾਹੌਰ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਭਾਈ ਮੋਹਨ ਸਿੰਘ ਅਕਾਲੀ (ਨਿਹੰਗ) ਦੇ ਯਤਨਾਂ ਸਦਕਾ ਇੱਥੇ ਗੁਰਦੁਆਰੇ



ਦਾ ਨਿਰਮਾਣ ਕੀਤਾ ਗਿਆ। ਬ੍ਰਿਟਿਸ਼ ਕਾਲ ਦੌਰਾਨ ਅਣਵੰਡੇ ਪੰਜਾਬ ਵਿਚ ਕਈ ਇਤਿਹਾਸਕ ਇਮਾਰਤਾਂ ਦਾ ਨਕਸ਼ਾ ਤਿਆਰ ਕਰਨ ਵਾਲੇ ਉੱਘੇ ਸਿਵਲ ਇੰਜੀਨੀਅਰ ਸਰ ਗੰਗਾ ਰਾਮ ਨੇ ਇਸ ਇਮਾਰਤ ਦੀ ਉਸਾਰੀ ਵਿਚ ਅਹਿਮ ਯੋਗਦਾਨ ਪਾਇਆ ਸੀ।

ਢਿੱਲੋਂ ਨੇ ਦੱਸਿਆ ਕਿ ਇਸ ਗੁਰਦੁਆਰਾ ਕੰਪਲੈਕਸ ਕੋਲ ਲਗਪਗ 17 ਕਨਾਲ ਜ਼ਮੀਨ ਸੀ, ਜਿਸ ਵਿਚ ਲੰਗਰ ਹਾਲ ਅਤੇ ਸ਼ਰਧਾਲੂਆਂ ਦੇ ਰਹਿਣ ਲਈ ਰਿਹਾਇਸ਼ੀ ਕਮਰੇ ਬਣੇ ਹੋਏ ਸਨ। ਵੰਡ ਤੋਂ ਪਹਿਲਾਂ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀ ਦੇਖ-ਰੇਖ ਹੇਠ ਸਥਾਨਕ ਸਿੱਖ ਸੰਗਤ ਵੱਲੋਂ ਚਲਾਇਆ ਜਾਂਦਾ ਸੀ। ਇਤਿਹਾਸਕ ਰਿਕਾਰਡ ਦੱਸਦੇ ਹਨ ਕਿ ਜਿਸ ਅਸਥਾਨ (ਥੜ੍ਹੇ) 'ਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਰਾਮ ਕੀਤਾ ਸੀ, ਉਸ ਦੇ ਆਲੇ-ਦੁਆਲੇ 1923 ਵਿਚ ਇੱਕ ਬਾਗ ਦੇ ਵਿਚਕਾਰ ਪੱਕਾ ਢਾਂਚਾ ਬਣਾਇਆ ਗਿਆ ਸੀ। ਇਸ ਇਮਾਰਤ 'ਤੇ ਇੱਕ ਸ਼ਾਨਦਾਰ ਗੁੰਬਦ, ਚਾਰ-ਚੁਫੇਰੇ ਵਰਾਂਡੇ ਅਤੇ ਸੰਗਮਰਮਰ ਦਾ ਫਰਸ਼ ਲੱਗਿਆ ਹੋਇਆ ਸੀ, ਜਿਸ ਉੱਤੇ ਗੁਰਮੁਖੀ ਅਤੇ ਸ਼ਾਹਮੁਖੀ ਦੋਵਾਂ ਲਿਪੀਆਂ ਵਿਚ ਉਨ੍ਹਾਂ ਸਿੱਖ ਸ਼ਰਧਾਲੂਆਂ ਦੇ ਨਾਮ ਲਿਖੇ ਹੋਏ ਸਨ, ਜਿਨ੍ਹਾਂ ਨੇ ਇਸ ਦੀ ਉਸਾਰੀ ਵਿਚ ਯੋਗਦਾਨ ਪਾਇਆ ਸੀ। ਸਾਲ 1947 ਦੀ ਫ਼ਿਰਕੂ ਹਿੰਸਾ ਦੌਰਾਨ ਇਸ ਪਵਿੱਤਰ ਅਸਥਾਨ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ ਅਤੇ ਸਿੱਖ ਆਬਾਦੀ ਦੇ ਭਾਰਤ ਹਿਜਰਤ ਕਰ ਜਾਣ ਤੋਂ ਬਾਅਦ ਇਹ ਇਮਾਰਤ ਬੇਅਬਾਦ ਹੋ ਗਈ ਸੀ। ਬੀਤੇ ਦਹਾਕਿਆਂ ਵਿਚ ਇਮਾਰਤ ਦੀ ਹਾਲਤ ਬਹੁਤ ਖ਼ਰਾਬ ਹੋ ਗਈ, ਗੁਰਦੁਆਰਾ ਸਾਹਿਬ ਦੇ ਨਾਲ ਲੱਗਦਾ ਸਰੋਵਰ ਮਿੱਟੀ ਨਾਲ ਭਰ ਦਿੱਤਾ ਗਿਆ ਅਤੇ ਆਲੇ-ਦੁਆਲੇ ਦੀ ਜ਼ਮੀਨ ਦੇ ਵੱਡੇ ਹਿੱਸੇ 'ਤੇ ਨਾਜਾਇਜ਼ ਕਬਜ਼ੇ ਕਰ ਲਏ ਗਏ। ਰਿਪੋਰਟਾਂ ਅਨੁਸਾਰ ਕਈ ਸਾਲਾਂ ਤੱਕ ਇਹ ਪਰਿਸਰ ਇੱਕ ਨਿੱਜੀ ਪਰਿਵਾਰ ਦੇ ਕਬਜ਼ੇ ਹੇਠ ਰਿਹਾ, ਜਿਸ ਨੇ ਕੰਪਲੈਕਸ ਦੇ ਅੰਦਰ ਇੱਕ ਸਥਾਨਕ ਪੀਰ ਦੀ ਕਬਰ ਵੀ ਬਣਾ ਦਿੱਤੀ ਸੀ। ਹੁਣ ਇਸ ਇਤਿਹਾਸਕ ਅਸਥਾਨ ਦੇ ਨਵੀਨੀਕਰਨ ਅਤੇ ਇਸ ਨੂੰ ਦੁਬਾਰਾ ਖੋਲ੍ਹੇ ਜਾਣ ਨਾਲ ਇਹ ਜਗ੍ਹਾ ਇੱਕ ਵਾਰ ਫਿਰ ਸਥਾਨਕ ਸਿੱਖ ਭਾਈਚਾਰੇ ਦੀ ਪਹੁੰਚ ਵਿਚ ਆ ਗਈ ਹੈ, ਜਿਸ ਨਾਲ ਪਾਕਿਸਤਾਨ ਵਿਚ ਸਿੱਖ ਵਿਰਸੇ ਦਾ ਇੱਕ ਅਹਿਮ ਅਧਿਆਇ ਮੁੜ ਸੁਰਜੀਤ ਹੋ ਗਿਆ ਹੈ।

# ਜੀ.ਐਚ.ਜੀ ਅਕੈਡਮੀ ਵੱਲੋਂ ਸਲਾਨਾ ਅੰਤਰਰਾਸ਼ਟਰੀ ਯੁਵਕ ਮੇਲਾ 18 ਜੁਲਾਈ ਨੂੰ ਹੋਵੇਗਾ,'ਸਿਖਲਾਈ ਕੈਂਪ ਚੜ੍ਹਦੀਕਲਾ ਨਾਲ ਚੱਲ ਰਿਹਾ'

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਜੀ.ਐਚ.ਜੀ ਅਕੈਡਮੀ ਵੱਲੋਂ ਬੱਚਿਆਂ ਦਾ ਸਲਾਨਾ ਸਿਖਲਾਈ ਕੈਂਪ 6 ਜੁਲਾਈ ਤੋਂ 16 ਜੁਲਾਈ ਤੱਕ ਹਾਲੈਂਡ ਪਾਰਕ ਵਿਖੇ ਪੂਰੇ ਜੋਸ਼, ਉਤਸ਼ਾਹ ਅਤੇ ਚੜ੍ਹਦੀਕਲਾ ਨਾਲ ਚਲਾਇਆ ਜਾ ਰਿਹਾ ਹੈ। ਜਿੱਥੇ ਗਿੱਧੇ-ਭੰਗੜੇ ਅਤੇ ਸੱਭਿਆਚਾਰਕ ਸਿਖਲਾਈ ਦੇ ਨਾਲ-ਨਾਲ ਆਪਸੀ ਭਾਈਚਾਰੇ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ। ਜਿੱਥੇ ਬੱਚੇ ਗਿੱਧੇ ਅਤੇ ਭੰਗੜੇ ਦੀ ਸਿਖਲਾਈ ਪ੍ਰਾਪਤ ਕਰਨ ਲਈ ਰੋਜ਼ਾਨਾ ਸ਼ਾਮ ਕੋਚਿੰਗ ਕਲਾਸਾਂ ਵਿੱਚ ਸ਼ਾਮਲ ਹੁੰਦੇ ਹਨ, ਉੱਥੇ ਸਥਾਨਕ ਬਜ਼ੁਰਗ ਮਾਪੇ ਵੀ ਰਲ ਬੈਠ ਪੰਜਾਬ ਨੂੰ ਯਾਦ ਕਰਦੇ ਹੋਏ ਬੱਚਿਆਂ ਦਾ ਹੌਂਸਲਾ ਵਧਾਉਣ ਦੇ ਨਾਲ-ਨਾਲ ਮਾਣ ਮਹਿਸੂਸ ਕਰਦੇ ਹਨ।

ਆਪਣੇ ਬੱਚਿਆਂ ਨੂੰ ਇਸ ਕੈਂਪ ਦਾ ਹਿੱਸਾ ਬਣਾਉ ਅਤੇ ਆਪ ਦੇਖਣ ਜਰੂਰ ਜਾਓ। ਜਿੱਥੇ ਤੁਹਾਨੂੰ ਇੱਕ ਨਵੇਂ ਵਸੇ ਪੰਜਾਬ ਦੀ ਤਸਵੀਰ ਨਜ਼ਰ ਆਵੇਗੀ। ਜੀ.ਐਚ. ਜੀ. ਅਕੈਡਮੀਂ ਦੁਆਰਾ ਸਲਾਨਾ ਅੰਤਰਰਾਸ਼ਟਰੀ ਯੁਵਕ ਮੇਲਾ 18 ਜੁਲਾਈ 2026, ਦਿਨ ਸ਼ਨੀਵਾਰ ਨੂੰ ਬਾਅਦ ਦੁਪਹਿਰ 2 ਵਜ਼ੇ ਵੱਡੇ ਪੱਧਰ 'ਤੇ ਸ਼ੁਰੂ ਹੋਵੇਗਾ। ਜਿਸ ਵਿੱਚ ਸਥਾਨਕ ਸਿੱਖਲਾਈ ਪ੍ਰਾਪਤ ਬੱਚਿਆਂ ਤੋਂ ਇਲਾਵਾ ਅਮਰੀਕਾ ਅਤੇ ਕਨੇਡਾ ਦੀਆਂ ਭੰਗੜਾ ਟੀਮਾਂ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਮਲ ਹੋ ਕੇ ਆਪਣੀ ਕਲਾ ਦੇ ਜੌਹਰ ਦਿਖਾਉਣਗੀਆਂ।

ਇਸ ਸੰਸਥਾ ਦੇ ਮੋਢੀ ਮੈਂਬਰਾਂ ਵਿੱਚੋਂ ਪਰਮਜੀਤ ਧਾਲੀਵਾਲ ਅਤੇ ਉਦੈਦੀਪ ਸਿੱਧੂ ਨੇ ਕੈਂਪ ਵਿੱਚ ਚੱਲ ਰਹੇ ਪ੍ਰੋਗਰਾਮਾਂ ਦਾ ਜ਼ਿਕਰ ਕਰਦਿਆਂ ਸਮੂਹ ਸੰਸਥਾਵਾਂ ਅਤੇ ਭਾਈਚਾਰੇ ਨੂੰ ਕੈਂਪ ਅਤੇ ਅੰਤਰਰਾਸ਼ਟਰੀ ਯੁਵਕ ਮੇਲੇ ਵਿੱਚ ਸ਼ਾਮਲ ਹੋਣ ਅਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਸੱਦਾ ਹੈ। ਜਦ ਕਿ ਸੰਸਥਾ ਦੇ ਮੁੱਖ ਬੁਲਾਰੇ ਗੁਰਦੀਪ ਸ਼ੇਰਗਿੱਲ ਨੇ ਦੱਸਿਆ ਕਿ ਇਹ ਪ੍ਰੋਗਰਾਮ ਸਿਰਫ ਮੰਨੋਰੰਜਨ ਹੀ ਨਹੀਂ ਕਰੇਗਾ, ਬਲਕਿ ਨਵੀਂ ਪੀੜ੍ਹੀ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਦਾ ਇੱਕ ਵੱਡਾ ਉਪਰਾਲਾ ਵੀ ਹੈ। ਇਸ ਪ੍ਰੋਗਰਾਮ ਦੌਰਾਨ ਹਮੇਸ਼ਾ ਦੀ ਤਰ੍ਹਾਂ ਪੰਜਾਬੀ ਸਟੇਜਾਂ ਦਾ ਮਾਣ ਬੀਬੀ ਆਸ਼ਾ ਸ਼ਰਮਾ ਉਨ੍ਹਾਂ ਦੇ ਨਾਲ ਸਟੇਜ਼ ਸੰਚਾਲਨ ਕਰਨਗੇ। ਜਦ ਕਿ ਛੋਟੇ ਬੱਚਿਆਂ ਤੋਂ ਇਲਾਵਾ ਅੰਤਰਰਾਸ਼ਟਰੀ ਪੱਧਰ ਦੇ ਗਿੱਧੇ ਅਤੇ ਭੰਗੜੇ ਦੇ ਮਾਹਰ ਕਲਾਕਾਰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ।



# ਫਿਨਲੈਂਡ 'ਚ ਦੋ ਮਹੀਨਿਆਂ ਤੋਂ ਲਾਪਤਾ ਭਾਰਤੀ ਵਿਦਿਆਰਥੀ ਦੀ ਮਿਲੀ ਲਾਸ਼

ਫਿਨਲੈਂਡ
ਸਾਂਝੀ ਸੋਚ ਬਿਊਰੋ

ਇਸ ਸਾਲ ਮਈ ਵਿੱਚ ਫਿਨਲੈਂਡ ਵਿੱਚ ਲਾਪਤਾ ਹੋਏ ਹੈਦਰਾਬਾਦ ਦੇ ਇੱਕ 18 ਸਾਲਾ ਵਿਦਿਆਰਥੀ ਦੀ ਲਾਸ਼ ਹੇਲਸਿੰਕੀ ਦੇ ਸਮੁੰਦਰ ਵਿੱਚੋਂ ਮਿਲੀ ਹੈ। ਲਾਸ਼ ਨੂੰ ਬਰਾਮਦ ਕਰਨ ਤੋਂ ਬਾਅਦ ਫਿਨਲੈਂਡ ਵਿੱਚ ਭਾਰਤੀ ਦੂਤਾਵਾਸ ਨੇ ਇਸ ਬਾਰੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ। ਪਰਿਵਾਰ ਦੇ ਵਕੀਲ ਕੇ.ਐਲ.ਬੀ. ਕੁਮਾਰ ਨੇ ਸ਼ਨੀਵਾਰ ਨੂੰ ਕਿਹਾ ਕਿ ਫਿਨਲੈਂਡ ਵਿੱਚ ਭਾਰਤੀ ਦੂਤਾਵਾਸ ਨੇ ਸ਼ੁੱਕਰਵਾਰ ਨੂੰ ਪਰਿਵਾਰ ਨੂੰ ਭੇਜੀ ਇੱਕ ਈਮੇਲ ਵਿੱਚ ਉਨ੍ਹਾਂ ਨੂੰ ਸੂਚਿਤ ਕੀਤਾ ਕਿ ਮਨੀਦੀਪ ਰੈੱਡੀ ਦੀ ਲਾਸ਼ ਹੇਲਸਿੰਕੀ ਦੇ ਸਮੁੰਦਰ ਵਿੱਚੋਂ ਬਰਾਮਦ ਕਰ ਲਈ ਗਈ ਹੈ। ਫਿਨਲੈਂਡ ਦੀ ਪੁਲਿਸ ਨੇ ਕਿਹਾ ਹੈ ਕਿ ਸ਼ੁਰੂਆਤੀ ਜਾਂਚ ਵਿੱਚ ਕਤਲ ਦਾ ਕੋਈ ਸਬੂਤ ਨਹੀਂ ਮਿਲਿਆ ਹੈ। ਪਰਿਵਾਰ ਨੇ ਭਾਰਤ ਸਰਕਾਰ ਨੂੰ ਉਸਦੀ ਲਾਸ਼ ਨੂੰ ਜਲਦੀ ਭਾਰਤ ਵਾਪਸ ਲਿਆਉਣ ਵਿੱਚ ਸਹਾਇਤਾ ਦੀ ਅਪੀਲ ਕੀਤੀ ਹੈ ਤਾਂ ਜੋ ਉਸਦਾ ਅੰਤਿਮ ਸਸਕਾਰ ਕੀਤਾ ਜਾ ਸਕੇ। ਰੈਡੀ ਸਾਫਟਵੇਅਰ ਅਤੇ ਸਿਸਟਮ ਇੰਜੀਨੀਅਰਿੰਗ ਵਿੱਚ ਗ੍ਰੈਜੂਏਟ ਡਿਗਰੀ ਪ੍ਰਾਪਤ ਕਰਨ ਲਈ 2025 'ਚ ਫਿਨਲੈਂਡ ਗਿਆ ਸੀ। ਉਹ ਲਾਹਟੀ ਦੇ ਰਿਤਾਨੀਮੇਨਕਾਟੂ ਵਿੱਚ ਰਹਿ ਰਿਹਾ ਸੀ। ਕੁਮਾਰ ਨੇ ਕਿਹਾ ਕਿ ਮਨੀਦੀਪ ਰੈਡੀ ਨੂੰ ਆਖਰੀ ਵਾਰ 5 ਮਈ ਨੂੰ ਹੇਲਸਿੰਕੀ ਦੇ ਇੱਕ ਮਾਲ ਵਿੱਚ ਦੇਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਪਰਿਵਾਰ ਮੌਤ ਨੂੰ ਇੱਕ ਸ਼ੱਕੀ ਮਾਮਲਾ ਮੰਨਦਾ ਹੈ। ਵਕੀਲ ਨੇ ਦਾਅਵਾ ਕੀਤਾ ਕਿ ਮਾਮਲੇ ਦੀ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ ਗਈ। ਪਰਿਵਾਰ ਦੇ ਅਨੁਸਾਰ, ਮਨੀਦੀਪ ਨੇ ਆਖਰੀ ਵਾਰ 5 ਮਈ ਨੂੰ ਆਪਣੀ ਮਾਂ ਨਾਲ ਗੱਲ ਕੀਤੀ ਸੀ। ਉਸਨੇ ਉਸਨੂੰ ਦੱਸਿਆ ਕਿ ਉਹ ਇੱਕ ਬੇਕਰੀ ਵਿੱਚ ਹੈ ਅਤੇ ਜਲਦੀ ਹੀ ਘਰ ਵਾਪਸ ਆ ਜਾਵੇਗਾ। ਫਿਰ ਉਸਦਾ ਫ਼ੋਨ ਬੰਦ ਹੋ ਗਿਆ, ਅਤੇ ਉਹ ਉਸ ਨਾਲ ਮੁੜ ਸੰਪਰਕ ਨਹੀਂ ਕਰ ਸਕੇ। ਘਟਨਾ ਤੋਂ ਬਾਅਦ, ਫਿਨਿਸ਼ ਜਾਂਚ ਏਜੰਸੀਆਂ, ਹੇਲਸਿੰਕੀ ਪੁਲਿਸ ਅਤੇ ਕੋਸਟ ਗਾਰਡ ਨੇ ਕਈ ਹਫ਼ਤਿਆਂ ਤੱਕ ਖੋਜ ਮੁਹਿੰਮ ਚਲਾਈ। ਅੰਤ



ਵਿੱਚ ਉਸਦੀ ਲਾਸ਼ 9 ਜੁਲਾਈ ਨੂੰ ਸਮੁੰਦਰ ਵਿੱਚੋਂ ਬਰਾਮਦ ਕੀਤੀ ਗਈ।

# WHOLE HOME SOLAR & BATTERY STARTING AT $25,000

**For a standard 5kW Solar & 14kWh Battery system**

Roof or main panel upgrades not included



- Clear & Up-Front Pricing
- High-Efficiency Components
- Permits and Utility Approvals Included
- Protect Existing NEM 2.0 (Via Non-Export Configuration)

**CALL HARRY FOR A QUOTE | (925) 537-2732**

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)

CSLB Contractor License #1096233 • C-10 Electrical, C-39 Roofing, B-General Building

*Pricing & offer details vary by location & applicant.*




# ਗੁਰਦੁਆਰਾ ਸਾਹਿਬ ਸੈਨ ਹੋਜ਼ੇ

## ਜੁਲਾਈ 2026 ਵਿਸ਼ੇਸ਼ ਧਾਰਮਿਕ, ਵਿਦਿਅਕ ਅਤੇ ਪਰਿਵਾਰਕ ਸਮਾਗਮ

### 30 ਜੂਨ 2026

ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਪੁਰਬ ਮੌਕੇ ਗੁਰਬਾਣੀ ਕੀਰਤਨ ਤੇ ਕਥਾ ਵਿਚਾਰ ਦਾ ਵਿਸ਼ੇਸ਼ ਸਮਾਗਮ |

### 29 ਜੂਨ – 3 ਜੁਲਾਈ

**One Week Filmmaking Workshop**

ਕੀ ਤੁਹਾਡਾ ਬੱਚਾ ਵੀਡੀਓ ਬਣਾਉਣ, ਕੈਮਰਾ ਚਲਾਉਣ ਜਾਂ ਕਹਾਣੀਆਂ ਸੁਣਾਉਣ ਦਾ ਸ਼ੌਕੀਨ ਹੈ ?
ਐਮੀ ਐਵਾਰਡ ਜੇਤੂ ਫ਼ਿਲਮਮੇਕਰ ਹਰਬਲਦੀਪ ਸਿੰਘ ਵੱਲੋਂ ਬੱਚਿਆਂ ਨੂੰ ਆਧੁਨਿਕ ਮੀਡੀਆ ਰਾਹੀਂ ਸਿੱਖ ਵਿਰਾਸਤ ਨੂੰ ਦੁਨੀਆ ਤੱਕ ਪਹੁੰਚਾਉਣ ਦੀ ਵਿਸ਼ੇਸ਼ ਟ੍ਰੇਨਿੰਗ।

### 29 ਜੂਨ – 5 ਜੁਲਾਈ

ਰੋਜ਼ਾਨਾ ਗੁਰਮਤਿ ਕਥਾ ਅਤੇ ਵਿਚਾਰ
ਗਿਆਨੀ ਕੁਲਦੀਪ ਸਿੰਘ ਜੀ ਅਭਿਆਸੀ (ਦਮਦਮੀ ਟਕਸਾਲ)
ਰੋਜ਼ਾਨਾ ਗੁਰਮਤਿ ਵਿਚਾਰ ਅਤੇ ਕਥਾ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।

### 3 – 5 ਜੁਲਾਈ

**ਸਵੇਰੇ 9:00 ਵਜੇ – ਸ਼ਾਮ 5:30 ਵਜੇ**

ਗੁਰਮਤਿ ਸਿਮਰਨ ਅਭਿਆਸ ਕੈਂਪ ਕਰਵਾਇਆ ਜਾ ਰਿਹਾ
ਜਿਸ ਵਿਚ ਭਾਈ ਗੁਰਦੀਪ ਸਿੰਘ ਜੀ (ਇੰਜੀਨੀਅਰ), Los Angeles ਵਾਲੇ ਆਪਣੀ ਖਾਸ ਸ਼ਮੂਲੀਅਤ ਕਰਨਗੇ |

### 4 ਜੁਲਾਈ | ਸ਼ਾਮ 7:00 ਵਜੇ

**Ice Cream Social**

ਅਮਰੀਕਾ ਦੇ 250ਵੇਂ Independence Day ਮੌਕੇ Ice Cream Social ਦਾ ਖਾਸ ਪ੍ਰੋਗਰਾਮ ਕਰਵਾਇਆ ਜਾ ਰਿਹਾ |

### 10 ਜੁਲਾਈ | ਸ਼ਾਮ 7:15


Oracle Park ਵਿਖੇ
First Sikh Heritage Night ਦਾ ਆਯੋਜਨ ਕੀਤਾ ਗਿਆ |
ਜਿਥੇ ਬਾਸਕਿਟਬਾਲ ਦੇ ਮੈਚ
San Francisco Giants VS. Colorado Rockies ਵਿਚਕਾਰ ਹੋਵੇਗਾ |

### 13 – 17 ਜੁਲਾਈ | ਸਵੇਰੇ 8:00 ਵਜੇ – ਸ਼ਾਮ 4:00 ਵਜੇ

**Annual Summer Gurmat Camp**

ਬੱਚਿਆਂ ਲਈ: ਗੁਰਬਾਣੀ, ਪੰਜਾਬੀ, ਸਿੱਖ ਇਤਿਹਾਸ, ਕੀਰਤਨ, ਸੇਵਾ, ਚੰਗੇ ਜੀਵਨ ਮੁੱਲ
ਗਰਮੀਆਂ ਦੀਆਂ ਛੁੱਟੀਆਂ ਨੂੰ ਸਿੱਖੀ, ਸੇਵਾ ਅਤੇ ਸਿੱਖਿਆ ਨਾਲ ਭਰਪੂਰ ਬਣਾਓ।

ਜੁਲਾਈ 2026 ਵਿਸ਼ੇਸ਼ ਧਾਰਮਿਕ ਵਿਦਿਅਕ ਅਤੇ ਪਰਿਵਾਰਕ ਸਮਾਗਮ




**Address : 3636 Gurdwara Ave, San Jose, CA, 95148**

**www.sanjosegurdwara.com | (408) 274-9373**


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਕੈਨੇਡਾ ਦੇ ਸਟ੍ਰੀਟ ਫੈਸਟੀਵਲ 'ਚ ਫ਼ਾਇਰਿੰਗ, 2 ਮੌਤਾਂ

ਓਟਵਾ
ਸਾਂਝੀ ਸੋਚ ਬਿਊਰੋ



ਕੈਨੇਡਾ ਦੇ ਟੋਰਾਂਟੋ ਵਿੱਚ ਇੱਕ ਸਟ੍ਰੀਟ ਫੈਸਟੀਵਲ ਦੌਰਾਨ ਫਾਇਰਿੰਗ ਹੋਣ ਦੀ ਖਬਰ ਸ੍ਾਮਣੇ ਆਈ ਹੈ। ਇਸ ਫਾਇਰਿੰਗ 'ਚ ਦੋ ਲੋਕਾਂ ਦੀ ਮੌਤ ਹੋ ਗਈ ਹੈ, ਅਤੇ ਤਿੰਨ ਹੋਰ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਕਿਹਾ ਕਿ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਖੇਤਰ ਵਿੱਚ ਸੁਰੱਖਿਆ ਵਧਾ ਦਿੱਤੀ ਗਈ। ਗੋਲੀਬਾਰੀ ਸ਼ਨੀਵਾਰ ਰਾਤ ਨੂੰ ਮਸ਼ਹੂਰ ਸਾਲਾਨਾ ਸਟ੍ਰੀਟ ਫੈਸਟੀਵਲ 'ਸਾਲਸਾ ਆਨ ਸੇਂਟ ਕਲੇਅਰ' ਦੌਰਾਨ ਹੋਈ। ਜਿੱਥੇ ਲੋਕ ਸਾਲਾਨਾ ਲੈਟਿਨੋ-ਥੀਮ ਵਾਲੇ ਸੱਭਿਆਚਾਰਕ ਜਸ਼ਨ ਲਈ ਵੱਡੀ ਗਿਣਤੀ 'ਚ ਇਕੱਠੇ ਹੋਏ ਸਨ।ਜਿਸ ਤੋਂ ਬਾਅਦ ਤੁਰੰਤ ਕਾਰਵਾਈ ਕਰਦੇ ਹੋਏ ਅਧਿਕਾਰੀਆਂ ਨੇ ਬਾਅਦ ਵਿੱਚ ਪੁਸ਼ਟੀ ਕੀਤੀ ਕਿ ਘਟਨਾ ਸਥਾਨ ਨੂੰ ਸੁਰੱਖਿਅਤ ਕਰ ਲਿਆ ਗਿਆ ਹੈ। ਹਾਲਾਂਕਿ, ਤਾਜ਼ਾ ਅਪਡੇਟ ਦੇ ਸਮੇਂ ਤੱਕ ਕਿਸੇ ਸ਼ੱਕੀ ਜਾਂ ਕਿਸੇ ਵੀ ਗ੍ਰਿਫ਼ਤਾਰੀ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਸੀ। ਜਾਣਕਾਰੀ ਮੁਤਾਬਕ ਇਹ ਫਾਇਰਿੰਗ ਫੈਸਟੀਵਲ ਦੀ ਮੇਨ ਸਟੇਜ ਦੇ ਬਿਲਕੁਲ ਨੇੜੇ ਹੋਈ, ਜਿੱਥੇ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ।ਅੱਗੇ ਪੁਲਿਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਫਾਇਰਿੰਗ ਦੌਰਾਨ 5 ਲੋਕਾਂ ਨੂੰ ਗੋਲੀਆਂ ਲੱਗੀਆਂ ਸਨ, ਜਿਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ 'ਚੋਂ 2 ਦੀ ਮੌਤ ਹੋ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਪੂਰੇ ਮਾਮਲੇ ਦੀ ਜਾਂਚ ਚੱਲ ਰਹੀ ਹੈ ਅਤੇ ਫਾਇਰਿੰਗ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਦੁਨੀਆ ਦੇ ਸਭ ਤੋਂ ਵੱਧ ਰਹਿਣ ਯੋਗ ਸ਼ਹਿਰਾਂ ਦੀ ਲਿਸਟ 'ਚ ਆਸਟ੍ਰੇਲੀਆ ਦੇ ਦੋ ਸ਼ਹਿਰਾਂ ਨੇ ਟਾਪ 5 'ਚ ਬਣਾਈ ਥਾਂ

ਮੈਲਬੌਰਨ
ਸਾਂਝੀ ਸੋਚ ਬਿਊਰੋ



2026 ਦੀ ਗਲੋਬਲ ਲਾਈਵੇਬਿਲਟੀ ਇੰਡੈਕਸ ਵਿੱਚ ਆਸਟ੍ਰੇਲੀਆ ਦੇ ਦੋ ਸ਼ਹਿਰਾਂ ਨੇ ਦੁਨੀਆ ਦੇ ਟਾਪ-5 ਸਭ ਤੋਂ ਵੱਧ ਰਹਿਣ ਯੋਗ ਸ਼ਹਿਰਾਂ ਵਿੱਚ ਥਾਂ ਬਣਾਈ ਹੈ। ਇਸ ਵਾਰ ਮੈਲਬੌਰਨ ਨੇ ਆਪਣੇ ਹੀ ਦੇਸ਼ ਦੇ ਸਿਡਨੀ ਨੂੰ ਪਿੱਛੇ ਛੱਡਦੇ ਹੋਏ ਤੀਜਾ ਸਥਾਨ ਹਾਸਲ ਕੀਤਾ ਹੈ।ਟਾਪ-5 ਸਭ ਤੋਂ ਵੱਧ ਰਹਿਣ ਯੋਗ ਸ਼ਹਿਰ (2026) ਦੀ ਰੈਂਕਿੰਗ ਲਿਸਟ 'ਚ ਕੋਪੇਨਹੇਗਨ (ਡੈਨਮਾਰਕ), ਵਿਆਨਾ (ਆਸਟਰੀਆ), ਮੈਲਬੌਰਨ (ਆਸਟ੍ਰੇਲੀਆ), ਸਿਡਨੀ (ਆਸਟ੍ਰੇਲੀਆ) ਅਤੇ ਓਸਾਕਾ (ਜਪਾਨ) ਸ਼ਾਮਿਲ ਹਨ। ਇਸ ਤੋਂ ਬਿਨਾ ਇਸ ਸੂਚੀ 'ਚ ਐਡੀਲੇਡ ਵੀ ਅੱਠਵੇਂ ਸਥਾਨ 'ਤੇ ਹੈ। ਮੈਲਬੌਰਨ ਅਤੇ ਸਿਡਨੀ ਦੋਵਾਂ ਨੂੰ ਕੁੱਲ 100 ਵਿੱਚੋਂ 97 ਅੰਕ ਮਿਲੇ। ਦੋਵਾਂ ਨੇ ਸਿਹਤ ਸੰਭਾਲ ਅਤੇ ਸਿੱਖਿਆ ਵਿੱਚ ਪੂਰੇ 100 ਅੰਕ, ਸਥਿਰਤਾ ਵਿੱਚ 95 ਅਤੇ ਬੁਨਿਆਦੀ ਢਾਂਚੇ ਵਿੱਚ 96 ਅੰਕ ਪ੍ਰਾਪਤ ਕੀਤੇ।ਫ਼ਰਕ ਸੱਭਿਆਚਾਰ ਅਤੇ ਵਾਤਾਵਰਣ ਸ਼੍ਰੇਣੀ ਵਿੱਚ ਰਿਹਾ, ਜਿੱਥੇ ਮੈਲਬੌਰਨ ਨੂੰ 96 ਅੰਕ ਮਿਲੇ, ਜੋ ਸਿਡਨੀ ਨਾਲੋਂ ਦੋ ਅੰਕ ਵੱਧ ਸਨ। ਇਸ ਸ਼੍ਰੇਣੀ ਵਿੱਚ ਮੌਸਮ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ, ਖਾਣ-ਪੀਣ ਅਤੇ ਹੋਰ ਉਪਭੋਗਤਾ ਸੇਵਾਵਾਂ ਵਰਗੇ ਪੱਖਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ।ਮੈਲਬੌਰਨ ਦੀ ਇਹ ਉਪਲਬਧੀ ਇਸ ਸਾਲ ਦੀਆਂ ਹੋਰ ਅੰਤਰਰਾਸ਼ਟਰੀ ਰੈਂਕਿੰਗਾਂ ਨਾਲ ਵੀ ਮੇਲ ਖਾਂਦੀ ਹੈ। ਇਸ ਨੂੰ ਪਹਿਲਾਂ ਟਾਈਮ ਆਊਟ ਵੱਲੋਂ ਦੁਨੀਆ ਦਾ ਸਭ ਤੋਂ ਵਧੀਆ ਸ਼ਹਿਰ ਵੀ ਚੁਣਿਆ ਗਿਆ ਸੀ ਅਤੇ ਖਾਣ-ਪੀਣ ਲਈ ਦੁਨੀਆ ਦੇ ਚੋਟੀ ਦੇ ਸ਼ਹਿਰਾਂ ਵਿੱਚ ਵੀ ਸ਼ਾਮਲ ਕੀਤਾ ਗਿਆ ਸੀ।ਦੱਸ ਦਈਏ ਕਿ ਇਹ ਰੈਂਕਿੰਗ ਇਕਨਾਮਿਸਟ ਇੰਟੈਲੀਜੈਂਸ ਯੂਨਿਟ ਵੱਲੋਂ 173 ਸ਼ਹਿਰਾਂ ਦਾ ਮੁਲਾਂਕਣ ਕਰਕੇ ਤਿਆਰ ਕੀਤੀ ਗਈ ਹੈ। ਇਸ ਵਿੱਚ ਸਥਿਰਤਾ, ਸਿਹਤ ਸੰਭਾਲ, ਸਿੱਖਿਆ, ਸੱਭਿਆਚਾਰ ਅਤੇ ਵਾਤਾਵਰਣ, ਅਤੇ ਬੁਨਿਆਦੀ ਢਾਂਚੇ ਵਰਗੇ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

# ਕਤਰ ਦੇ ਸਾਬਕਾ ਅਮੀਰ ਸ਼ੇਖ ਹਮਦ ਬਿਨ ਖਲੀਫ਼ਾ ਅਲ ਥਾਨੀ ਦਾ ਦਿਹਾਂਤ, ਮੋਦੀ ਨੇ ਜਤਾਇਆ ਦੁੱਖ

ਕਤਰ
ਸਾਂਝੀ ਸੋਚ ਬਿਊਰੋ



ਕਤਰ ਦੇ ਸਾਬਕਾ ਅਮੀਰ ਸ਼ੇਖ ਹਮਦ ਬਿਨ ਖਲੀਫਾ ਅਲ ਥਾਨੀ ਦਾ ਐਤਵਾਰ ਸਵੇਰੇ 74 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਇਸ ਦੀ ਜਾਣਕਾਰੀ ਕਤਰ ਦੀ ਸਰਵਉੱਚ ਸਰਕਾਰੀ ਸੰਸਥਾ ਅਮੀਰੀ ਦੀਵਾਨ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਦਿੱਤੀ।ਅਮੀਰੀ ਦੀਵਾਨ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਸ਼ੇਖ ਹਮਦ ਨੇ ਐਤਵਾਰ ਸਵੇਰੇ ਆਖਰੀ ਸਾਹ ਲਏ। ਹਾਲਾਂਕਿ, ਉਨ੍ਹਾਂ ਦੇ ਦੇਹਾਂਤ ਦਾ ਕਾਰਨ ਨਹੀਂ ਦੱਸਿਆ ਗਿਆ ਹੈ।ਸ਼ੇਖ ਹਮਦ ਬਿਨ ਖਲੀਫਾ ਅਲ ਥਾਨੀ 1995 ਤੋਂ 2013 ਤੱਕ ਕਤਰ ਦੇ ਅਮੀਰ ਰਹੇ। ਉਨ੍ਹਾਂ ਦੇ ਕਾਰਜਕਾਲ ਦੌਰਾਨ ਕਤਰ ਨੇ ਆਰਥਿਕ ਅਤੇ ਕੂਟਨੀਤਕ ਪੱਧਰ 'ਤੇ ਤੇਜ਼ੀ ਨਾਲ ਵਿਕਾਸ ਕੀਤਾ। ਸਾਲ 2013 ਵਿੱਚ ਉਨ੍ਹਾਂ ਨੇ ਸੱਤਾ ਆਪਣੇ ਪੁੱਤਰ ਸ਼ੇਖ ਤਮੀਮ ਬਿਨ ਹਮਦ ਅਲ ਥਾਨੀ ਨੂੰ ਸੌਂਪ ਦਿੱਤੀ ਸੀ, ਜੋ ਮੌਜੂਦਾ ਸਮੇਂ ਵਿੱਚ ਕਤਰ ਦੇ ਅਮੀਰ ਹਨ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੇਖ ਹਮਦ ਬਿਨ ਖਲੀਫਾ ਅਲ ਥਾਨੀ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ ਉਨ੍ਹਾਂ ਕਿਹਾ ਕਿ "ਕਤਰ ਦੇ ਸਾਬਕਾ ਅਮੀਰ ਸ਼ੇਖ ਹਮਦ ਬਿਨ ਖਲੀਫਾ ਅਲ ਥਾਨੀ ਦੇ ਦੇਹਾਂਤ 'ਤੇ ਮੈਨੂੰ ਗਹਿਰਾ ਦੁੱਖ ਹੋਇਆ ਹੈ। ਉਹ ਇੱਕ ਦੂਰਅੰਦੇਸ਼ ਨੇਤਾ ਸਨ, ਜਿਨ੍ਹਾਂ ਨੇ ਕਤਰ ਨੂੰ ਵਿਕਾਸ ਅਤੇ ਖੁਸ਼ਹਾਲੀ ਦੀਆਂ ਨਵੀਆਂ ਉਚਾਈਆਂ 'ਤੇ ਪਹੁੰਚਾਇਆ। ਫਰਵਰੀ 2024 ਵਿੱਚ ਆਪਣੀ ਕਤਰ ਯਾਤਰਾ ਦੌਰਾਨ ਮੈਨੂੰ ਉਨ੍ਹਾਂ ਨੂੰ ਮਿਲਣ ਦਾ ਮਾਣ ਹਾਸਲ ਹੋਇਆ ਸੀ। ਮੈਂ ਕਤਰ ਦੇ ਅਮੀਰ ਸ਼ੇਖ ਤਮੀਮ ਬਿਨ ਹਮਦ ਅਲ ਥਾਨੀ, ਪੂਰੇ ਸ਼ਾਹੀ ਪਰਿਵਾਰ ਅਤੇ ਕਤਰ ਦੀ ਜਨਤਾ ਪ੍ਰਤੀ ਆਪਣੀ ਡੂੰਘੀ ਹਮਦਰਦੀ ਪ੍ਰਗਟ ਕਰਦਾ ਹਾਂ। ਪ੍ਰਮਾਤਮਾ ਵਿਛੜੀ ਰੂਹ ਨੂੰ ਸ਼ਾਂਤੀ ਬਖਸ਼ੇ।"


# ਬੰਗਲਾਦੇਸ਼ ਵਿੱਚ ਹੜ੍ਹਾਂ ਕਾਰਨ ਘੱਟੋ-ਘੱਟ 44 ਲੋਕਾਂ ਦੀ ਮੌਤ

ਢਾਕਾ
ਸਾਂਝੀ ਸੋਚ ਬਿਊਰੋ

ਲਗਾਤਾਰ ਹੋ ਰਹੀ ਭਾਰੀ ਬਾਰਿਸ਼ ਅਤੇ ਨਦੀਆਂ ਦੇ ਉਫ਼ਾਨ ਕਾਰਨ ਸਿਰਫ਼ ਭਾਰਤ ਹੀ ਨਹੀਂ, ਸਗੋਂ ਗੁਆਂਢੀ ਦੇਸ਼ ਬੰਗਲਾਦੇਸ਼ ਵਿੱਚ ਵੀ ਹਾਲਾਤ ਬੇਕਾਬੂ ਹੋ ਗਏ ਹਨ। ਪਿਛਲੇ ਇੱਕ ਹਫ਼ਤੇ ਵਿੱਚ ਇੱਥੇ ਹੜ੍ਹ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਿੱਚ ਘੱਟੋ-ਘੱਟ 44 ਲੋਕਾਂ ਦੀ ਮੌਤ ਹੋ ਚੁੱਕੀ ਹੈ।ਇੰਨਾ ਹੀ ਨਹੀਂ, ਦੇਸ਼ ਭਰ ਵਿੱਚ 2.67 ਲੱਖ ਤੋਂ ਵੱਧ ਪਰਿਵਾਰ ਪ੍ਰਭਾਵਿਤ ਹੋਏ ਹਨ। ਉੱਥੇ ਹੀ, ਰਾਜਧਾਨੀ ਢਾਕਾ ਸਮੇਤ ਕਈ ਵੱਡੇ ਸ਼ਹਿਰਾਂ ਵਿੱਚ ਪਾਣੀ ਭਰਨ ਕਾਰਨ ਜਨਜੀਵਨ ਪੂਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਬੰਗਲਾਦੇਸ਼ ਦੇ ਆਫ਼ਤ ਪ੍ਰਬੰਧਨ ਮੰਤਰਾਲੇ ਨੇ ਇਸ ਕੁਦਰਤੀ ਆਫ਼ਤ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ। ਮੰਤਰਾਲੇ ਮੁਤਾਬਕ, 5 ਜੁਲਾਈ ਤੋਂ ਸ਼ਨੀਵਾਰ ਸ਼ਾਮ ਤੱਕ ਹੜ੍ਹ ਅਤੇ ਜ਼ਮੀਨ ਖਿਸਕਣ ਨਾਲ ਜੁੜੀਆਂ ਘਟਨਾਵਾਂ ਵਿੱਚ 44 ਲੋਕਾਂ ਦੀ ਜਾਨ ਗਈ ਹੈ। ਮ੍ਰਿਤਕਾਂ ਵਿੱਚੋਂ ਕਈ ਲੋਕ ਜ਼ਮੀਨ ਖਿਸਕਣ ਦਾ ਸ਼ਿਕਾਰ ਹੋਏ, ਜਦਕਿ ਵੱਡੀ ਗਿਣਤੀ ਵਿੱਚ ਲੋਕ ਡੁੱਬਣ ਜਾਂ ਤੇਜ਼ ਵਹਾਅ ਵਿੱਚ ਵਹਿ ਜਾਣ ਕਾਰਨ ਮਾਰੇ ਗਏ।

ਬੰਗਲਾਦੇਸ਼ ਵਿੱਚ ਹੜ੍ਹ ਦੀ ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 44,000 ਤੋਂ ਵੱਧ ਲੋਕਾਂ ਨੂੰ ਆਪਣੇ ਘਰ ਛੱਡ ਕੇ ਅਸਥਾਈ ਰਾਹਤ ਕੈਂਪਾਂ ਵਿੱਚ ਸ਼ਰਨ ਲੈਣੀ ਪਈ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ 1,100 ਤੋਂ ਵੱਧ ਹੜ੍ਹ ਰਾਹਤ ਕੈਂਪ ਬਣਾਏ ਗਏ ਹਨ, ਜਿੱਥੇ ਬੇਘਰ ਹੋਏ ਲੋਕਾਂ ਨੂੰ ਭੋਜਨ ਅਤੇ ਜ਼ਰੂਰੀ ਸਹੂਲਤਾਂ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

GILL INSURANCE AGENCY
Specialize in: CROP INSURANCE
We also Specialize in:
Hotel, Motel, Gas Station,
Liquor Stores, Apartments,
Any kind of Commercial Property
Nationwide
Agribusiness
Thank you for making us the #1 farm insurance
We do 48 States

Avtar Singh Gill   Harry Singh Gill
- Largest crop insurance in Nation
- We work with 100+ admitted insurance carrier
Toll Free
1-800-348-2767
Harry Gill
(559) 352-9222 Cell
2452, West Tahoe Avenue, Caruthers, CA-93609


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# TAKE CONTROL OF YOUR HEALTH!

## PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


ATWAL
IMMIGRATION SERVICES
ATWAL
TAX & IMMIGRATION
SERVICES
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਈ.ਡੀ ਨੇ ਅਨਿਲ ਅੰਬਾਨੀ ਗਰੁੱਪ ਦੀਆਂ 1,021 ਕਰੋੜ ਰੁਪਏ ਦੀਆਂ ਜਾਇਦਾਦਾਂ ਕੀਤੀਆਂ ਜ਼ਬਤ

**ਨਵੀਂ ਦਿੱਲੀ**
**ਸਾਂਝੀ ਸੋਚ ਬਿਊਰੋ**

ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ) ਨੇ ਰਿਲਾਇੰਸ ਹੋਮ ਫਾਇਨਾਂਸ ਲਿਮਟਿਡ (ਆਰਐੱਚਐੱਫਐੱਲ) ਅਤੇ ਰਿਲਾਇੰਸ ਕਮਰਸ਼ੀਅਲ ਫਾਇਨਾਂਸ ਲਿਮਟਿਡ (ਆਰਸੀਐੱਫਐੱਲ) ਦੇ ਮਾਮਲੇ ਵਿਚ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ), 2002 ਦੇ ਤਹਿਤ ਕਾਰਵਾਈ ਕਰਦਿਆਂ 1,021 ਕਰੋੜ ਰੁਪਏ ਦੀਆਂ ਨਵੀਆਂ ਜਾਇਦਾਦਾਂ ਜ਼ਬਤ ਕੀਤੀਆਂ ਹਨ। ਇਹ ਜਾਂਚ ਕਈ ਸਰਕਾਰੀ ਅਤੇ ਪ੍ਰਾਈਵੇਟ ਬੈਂਕਾਂ ਦੀਆਂ ਸ਼ਿਕਾਇਤਾਂ 'ਤੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਦਰਜ ਕੀਤੀਆਂ ਗਈਆਂ ਵੱਖ-ਵੱਖ ਐੱਫ.ਆਈ.ਆਰਜ਼ ਦੇ ਆਧਾਰ 'ਤੇ ਸ਼ੁਰੂ ਕੀਤੀ ਗਈ ਸੀ। ਹੁਣ ਤੱਕ ਦੀ ਜਾਂਚ ਵਿਚ ਇਹ ਸਾਹਮਣੇ ਆਇਆ ਹੈ ਕਿ ਆਮ ਜਨਤਾ ਦੇ ਪੈਸੇ ਦੇ ਲਗਪਗ 15,548 ਕਰੋੜ ਰੁਪਏ ਜੋ ਆਰ.ਐੱਚ.ਐੱਫ.ਐੱਲ. ਅਤੇ ਆਰ.ਸੀ.ਐੱਫ.ਐੱਲ. ਵੱਲੋਂ ਇਕੱਠੇ ਕੀਤੇ ਗਏ ਸਨ, ਨੂੰ ਰਿਲਾਇੰਸ ਅਨਿਲ ਅੰਬਾਨੀ ਗਰੁੱਪ ਦੀ ਦੇਖ-ਰੇਖ ਹੇਠ ਚੱਲਣ ਵਾਲੀਆਂ ਫਰਜ਼ੀ (ਸ਼ੈੱਲ) ਅਤੇ ਗਰੁੱਪ ਕੰਪਨੀਆਂ ਦੇ ਇੱਕ ਗੁੰਝਲਦਾਰ ਜਾਲ ਰਾਹੀਂ ਯੋਜਨਾਬੱਧ ਤਰੀਕੇ ਨਾਲ ਇੱਧਰ-ਉੱਧਰ (ਡਾਇਵਰਟ) ਕੀਤਾ ਗਿਆ ਸੀ।




ਜ਼ਬਤ ਕੀਤੀਆਂ ਗਈਆਂ ਇਨ੍ਹਾਂ ਨਵੀਆਂ ਜਾਇਦਾਦਾਂ ਵਿਚ ਰਿਲਾਇੰਸ ਇਨਫਰਾਸਟਰੱਕਚਰ ਲਿਮਟਿਡ ਕੋਲ ਮੌਜੂਦ ਰਿਲਾਇੰਸ ਪਾਵਰ ਲਿਮਟਿਡ ਦੇ ਇਕੁਇਟੀ ਸ਼ੇਅਰ ਸ਼ਾਮਲ ਹਨ। ਇਸ ਤੋਂ ਇਲਾਵਾ ਸਾਸਨ ਪਾਵਰ ਲਿਮਟਿਡ ਅਤੇ ਰਿਲਾਇੰਸ ਪਾਵਰ ਲਿਮਟਿਡ ਤੋਂ ਮਿਲਣ ਵਾਲੀ ਕੁਝ ਲੋਨ ਦੀ ਰਾਸ਼ੀ ਨੂੰ ਵੀ ਇਸ ਜ਼ਬਤ ਪ੍ਰਕਿਰਿਆ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਈ.ਡੀ. ਇਸ ਸਮੇਂ ਰਿਲਾਇੰਸ ਅਨਿਲ ਅੰਬਾਨੀ ਗਰੁੱਪ ਦੇ ਖ਼ਿਲਾਫ਼ ਪੀ.ਐੱਮ.ਐੱਲ.ਏ. ਅਤੇ ਫੇਮਾ ਦੇ ਨਿਯਮਾਂ ਤਹਿਤ ਕਈ ਮਾਮਲਿਆਂ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। ਹੁਣ ਤੱਕ ਪੀ.ਐੱਮ.ਐੱਲ.ਏ. ਦੇ ਤਹਿਤ 4 ਕੇਸ (ਈ.ਸੀ.ਆਈ.ਆਰਜ਼) ਅਤੇ ਫੇਮਾ ਦੇ ਤਹਿਤ 3 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਜਾਂਚ ਦੀ ਪ੍ਰਕਿਰਿਆ ਦੌਰਾਨ ਈ.ਡੀ. ਵੱਲੋਂ ਹੁਣ ਤੱਕ 80 ਤੋਂ ਵੱਧ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਜਾ ਚੁੱਕੀ ਹੈ। ਇਸ 1,021 ਕਰੋੜ ਰੁਪਏ ਦੀ ਤਾਜ਼ਾ ਜ਼ਬਤੀ ਤੋਂ ਬਾਅਦ ਰਿਲਾਇੰਸ ਅਨਿਲ ਅੰਬਾਨੀ ਗਰੁੱਪ ਦੇ ਮਾਮਲਿਆਂ ਵਿਚ ਪੀ.ਐਮ.ਐਲ.ਏ. ਦੇ ਤਹਿਤ ਹੁਣ ਤੱਕ ਜ਼ਬਤ ਕੀਤੀ ਗਈ ਕੁੱਲ ਜਾਇਦਾਦ ਦੀ ਕੀਮਤ 20,367 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਇਸ ਤੋਂ ਇਲਾਵਾ, ਫੇਮਾ ਕਾਨੂੰਨ ਦੇ ਤਹਿਤ 77.86 ਕਰੋੜ ਰੁਪਏ ਦੀ ਹੋਰ ਜਾਇਦਾਦ ਵੀ ਜ਼ਬਤ ਕੀਤੀ ਗਈ ਹੈ। ਈ.ਡੀ. ਵੱਲੋਂ ਵੱਖ-ਵੱਖ ਮਾਮਲਿਆਂ ਵਿਚ ਅਦਾਲਤ ਅੰਦਰ ਪੀ.ਐੱਮ.ਐੱਲ.ਏ. ਤਹਿਤ 4 ਚਾਰਜਸ਼ੀਟਾਂ (ਪ੍ਰੋਸੀਕਿਊਸ਼ਨ ਕੰਪਲੇਂਟ) ਅਤੇ ਫੇਮਾ ਤਹਿਤ 1 ਸ਼ਿਕਾਇਤ ਦਰਜ ਕਰਵਾਈ ਜਾ ਚੁੱਕੀ ਹੈ। ਇਸ ਵੱਡੇ ਵਿੱਤੀ ਫਰਾਡ ਦੇ ਸਬੰਧ ਵਿਚ ਰਿਲਾਇੰਸ ਅਨਿਲ ਅੰਬਾਨੀ ਗਰੁੱਪ ਦੇ 8 ਸੀਨੀਅਰ ਅਧਿਕਾਰੀਆਂ ਅਤੇ ਨਜ਼ਦੀਕੀ ਸਹਿਯੋਗੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਅਤੇ ਉਹ ਸਾਰੇ ਇਸ ਵੇਲੇ ਜੇਲ੍ਹ (ਨਿਆਂਇਕ ਹਿਰਾਸਤ) ਵਿਚ ਹਨ। ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਈ.ਡੀ. ਨੇ ਇੱਕ ਵਿਸ਼ੇਸ਼ ਜਾਂਚ ਟੀਮ (ਸਿੱਟ) ਦਾ ਗਠਨ ਵੀ ਕੀਤਾ ਹੈ, ਜੋ ਇਨ੍ਹਾਂ ਸਾਰੇ ਮਾਮਲਿਆਂ ਦੀ ਜਾਂਚ ਕਰ ਰਹੀ ਹੈ।

# 'ਸ਼ੇਲਿੰਦਰਜੀਤ ਸਿੰਘ ਰਾਜਨ' ਦੁਆਰਾ ਸੰਪਾਦਿਤ ਕਾਵਿ ਸੰਗ੍ਰਹਿ 'ਕਲਮਾਂ ਦੀ ਉਡਾਣ' ਲੋਕ ਅਰਪਿਤ ਸਮਾਗਮ

**ਰਈਆ**
**ਡਾ.ਰਜਿੰਦਰ ਰਿਖੀ**

ਪਿਛਲੇ 41 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸਾਹਿਤਕ ਸਰਗਰਮੀਆਂ ਰਚਾਉਣ ਵਾਲੀ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਾਬਕਾ ਵਿਧਾਇਕ ਜਥੇਦਾਰ ਬਲਜੀਤ ਸਿੰਘ ਜਲਾਲ ਉਸਮਾ ਅਤੇ ਪ੍ਰਿੰ: ਹਰਬੰਸ ਸਿੰਘ ਘੇਈ ਸਾ: ਐਕਸਾਈਜ ਐਂਡ ਟੈਕਸੇਸ਼ਨ ਕਮਿਸ਼ਨਰ ਪੰਜਾਬ ਬਤੌਰ ਮੁੱਖ ਮਹਿਮਾਨ ਵਜੋਂ ਪੁਜੇ, ਜਦਕਿ ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ 'ਸ਼ੇਲਿੰਦਰਜੀਤ ਸਿੰਘ ਰਾਜਨ', ਕਾਰਜਕਾਰੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੀਨੀਅਰ ਪੱਤਰਕਾਰ ਐਸ. ਪ੍ਰਸ਼ੋਤਮ, ਸਾਹਿਤ ਸਭਾ ਫਿਰੋਜ਼ਪੁਰ ਤੋਂ ਸੁਖਦੇਵ ਸਿੰਘ ਭੱਟੀ ਫਿਰੋਜ਼ਪੁਰੀ, ਪੰਜਾਬੀ ਸਾਹਿਤ ਸਭਾ ਕਰਤਾਰਪੁਰ ਦੇ ਪ੍ਰਧਾਨ ਲਾਲੀ ਕਰਤਾਰਪੁਰੀ, ਮੱਖਣ ਸਿੰਘ ਭੈਣੀਵਾਲਾ ਸਾ: ਬੀ.ਈ.ਈ.ਓ., ਡਾ: ਕੁਲਵੰਤ ਸਿੰਘ ਬਾਠ ਸਾ: ਵੈਟਰਨਰੀ ਅਫਸਰ ਆਦਿ ਸੁਸ਼ੋਭਿਤ ਹੋਏ। ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਦੁਆਰਾ ਸੰਪਾਦਿਤ 15ਵਾਂ ਸਾਂਝਾ ਕਾਵਿ ਸੰਗ੍ਰਹਿ 'ਕਲਮਾਂ ਦੀ ਉਡਾਣ' ਸਮੇਂਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤੀ ਗਈ, ਜਿਸ ਵਿੱਚ ਸਭਾ ਦੇ 31 ਕਵੀਆਂ ਦੀਆਂ ਕਾਵਿ ਰਚਨਾਵਾਂ ਸ਼ਾਮਿਲ ਹਨ।

ਇਸ ਮੌਕੇ ਸਭਾ ਵੱਲੋਂ ਪਾਸ ਕੀਤੇ ਗਏ ਮਤਿਆਂ ਵਿੱਚ ਜਿੱਥੇ ਪੰਜਾਬ ਸਰਕਾਰ ਵੱਲੋਂ ਮਾਤ ਭਾਸ਼ਾ ਪੰਜਾਬੀ ਪ੍ਰਤੀ ਅਪਾਣਈ ਜਾ ਰਹੀ ਨੀਅਤ ਅਤੇ ਨੀਤੀ ਦੀ ਸਖਤ ਨਿੰਦਾ ਕੀਤੀ ਗਈ, ਉਥੇ ਸ: ਜਸਵੰਤ ਸਿੰਘ ਖਾਲੜਾ 'ਤੇ ਬਣੀ "ਸਤਲੁਜ" ਫਿਲਮ ਨੂੰ ਬੈਨ ਕਰਨ ਦੀ ਵੀ ਸਖਤ ਨਿੰਦਾ ਕੀਤੀ ਗਈ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ (ਮਹਿਲਾ ਵਿੰਗ) ਦੇ ਪ੍ਰਧਾਨ ਸੁਖਵੰਤ ਕੌਰ ਵੱਸੀ, ਜਤਿੰਦਰਪਾਲ ਕੌਰ ਭਿੰਡਰ, ਗੁਰਮੀਤ ਕੌਰ ਬੱਲ ਜੋਧੇ, ਹਰਵਿੰਦਰਜੀਤ ਕੌਰ ਬਾਠ, ਸੁਰਿੰਦਰ ਖਿਲਚੀਆਂ, ਸਿਮਰਨਜੀਤ ਕੌਰ ਮਾਹਲਾ, ਜਗਦੀਸ਼ ਸਿੰਘ ਬਮਰਾਹ, ਸੂਬੇਦਾਰ ਹਰਜੀਤ ਸਿੰਘ, ਡਾ: ਸਰਬਜੀਤ ਸਿੰਘ ਬਿੱਲਾ, ਮਾ: ਬਲਬੀਰ ਸਿੰਘ ਬੀਰ ਬੋਲੇਵਾਲੀਆ, ਡਾ: ਅਮਨਦੀਪ ਸਿੰਘ ਬਿਆਸ, ਦਵਿੰਦਰ ਸਿੰਘ ਭੋਲਾ ਜੰਡਿਆਲ ਗੁਰੂ, ਬਲਵਿੰਦਰ ਸਿੰਘ ਅਠੌਲਾ, ਅਜੀਤ ਸਿੰਘ ਸਠਿਆਲਵੀ, ਅਜੈਬ ਸਿੰਘ ਬੋਦੇਵਾਲ, ਕੈਪਟਨ ਸਿੰਘ ਮਹਿਤਾ, ਜਤਿੰਦਰ ਸਿੰਘ, ਬਲਦੇਵ ਸਿੰਘ ਸਠਿਆਲਾ, ਭੀਮ ਸੈਨ ਫਿਰੋਜ਼ਪੁਰੀਆ, ਡਾ: ਕੁਲਵਿੰਦਰ ਸਿੰਘ ਬਾਣੀਆਂ, ਦਿਲਰਾਜ ਸਿੰਘ ਦਰਦੀ, ਜਪਦੀਪ ਸਿੰਘ, ਸੂਬੇਦਾਰ ਹਰਜਿੰਦਰ ਸਿੰਘ, ਪੰਕਜ ਸਿੰਘ ਅਜਨਾਲਾ, ਗੁਰਦੇਵ ਸਿੰਘ ਸਾਵਣ ਸਿੰਘ ਨਗਰ, ਜਸਬੀਰ ਸਿੰਘ ਨਾਰਲਾ, ਗੁਰਪ੍ਰੀਤ ਸਿੰਘ ਲੱਖੂਵਾਲ, ਸੰਨਪ੍ਰੀਤ ਸਿੰਘ ਮਣੀ, ਅਗਮਜੋਤ ਸਿੰਘ, ਜਪਨਜੋਤ ਸਿੰਘ ਲੁਧਿਆਣਾ ਆਦਿ ਨੇ ਕਾਵਿ ਰਚਨਾਵਾਂ ਰਾਹੀਂ ਚੰਗਾ ਰੰਗ ਬੰਨਿਆ। ਮੰਚ ਸੰਚਾਲਨ ਦੇ ਫਰਜ਼ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਨਿਭਾਏ।



# ਭਗਵੰਤ ਮਾਨ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਸਮਾਨਤਾ ਅਤੇ ਸਮਾਜਿਕ ਨਿਆਂ ਦੇ ਸੰਕਲਪ ਨੂੰ ਪੂਰਾ ਕਰਨ ਲਈ ਵਚਨਬੱਧ: ਲਾਲ ਚੰਦ ਕਟਾਰੂਚੱਕ

**ਚੰਡੀਗੜ੍ਹ**
**ਸਾਂਝੀ ਸੋਚ ਬਿਊਰੋ**

ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਫਗਵਾੜਾ ਵਿਖੇ ਕਰਵਾਏ ਗਏ ਰਵਿਦਾਸੀਆ ਸਮਾਜ ਚੇਤਨਾ ਸੰਤ ਸੰਮੇਲਨ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਪ੍ਰੇਰਿਤ ਕਰ ਰਹੀਆਂ ਹਨ ਅਤੇ ਇੱਕ ਬਰਾਬਰੀ ਵਾਲੇ ਤੇ ਭੇਦਭਾਵ ਮੁਕਤ ਸਮਾਜ ਦੀ ਸਿਰਜਣਾ ਲਈ ਮਾਰਗਦਰਸ਼ਕ ਸ਼ਕਤੀ ਬਣੀਆਂ ਹੋਈਆਂ ਹਨ।

ਮੀਂਹ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਪਹੁੰਚੀ ਸੰਗਤ ਦਾ ਧੰਨਵਾਦ ਕਰਦਿਆਂ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਇਹ ਭਾਰੀ ਇਕੱਠ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਪ੍ਰਤੀ ਲੋਕਾਂ ਦੇ ਡੂੰਘੇ ਸਤਿਕਾਰ ਅਤੇ ਸ਼ਰਧਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਭਗਵੰਤ ਮਾਨ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਕਈ ਇਤਿਹਾਸਕ ਪਹਿਲਕਦਮੀਆਂ ਕੀਤੀਆਂ ਹਨ।"

ਉਨ੍ਹਾਂ ਕਿਹਾ, "ਇਨ੍ਹਾਂ ਪਹਿਲਕਦਮੀਆਂ ਵਿੱਚ ਬੱਲਾਂ ਵਿਖੇ ਸੰਤ ਰਵਿਦਾਸ ਬਾਣੀ ਅਧਿਐਨ ਕੇਂਦਰ ਦੀ ਸਥਾਪਨਾ, ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਅਧਾਰਤ ਸਾਹਿਤ ਅਤੇ ਦਸਤਾਵੇਜ਼ੀ ਫਿਲਮਾਂ ਦਾ ਪ੍ਰਚਾਰ-ਪ੍ਰਸਾਰ ਅਤੇ ਪੂਜਨੀਕ ਗੁਰੂ ਸਾਹਿਬ ਨਾਲ ਸਬੰਧਤ ਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਵਿਸ਼ੇਸ਼ ਰੇਲ ਗੱਡੀਆਂ ਦੀਆਂ ਤਿਆਰੀਆਂ ਸ਼ਾਮਲ ਹਨ।"

ਕੈਬਨਿਟ ਮੰਤਰੀ ਨੇ ਇਕੱਠ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ ਕਿ ਪ੍ਰਕਾਸ਼ ਪੁਰਬ ਸਮਾਗਮ ਵੱਡੇ ਪੱਧਰ 'ਤੇ ਅਤੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਮਹਾਨ ਵਿਰਾਸਤ ਦੇ ਅਨੁਕੂਲ ਮਰਿਆਦਾ ਨਾਲ ਕਰਵਾਏ ਜਾਣ।


ਸੰਵਿਧਾਨਕ ਕਦਰਾਂ-ਕੀਮਤਾਂ ਦੀ ਰਾਖੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸੰਵਿਧਾਨ ਵਿੱਚ ਦਰਜ ਸਮਾਨਤਾ, ਨਿਆਂ ਅਤੇ ਭਾਈਚਾਰਕ ਸਾਂਝ ਦੇ ਆਦਰਸ਼ਾਂ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਸੰਸਥਾਵਾਂ ਅਤੇ ਪੱਛੜੇ ਸਮਾਜ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਦਾ ਸਖ਼ਤੀ ਨਾਲ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

ਇਕੱਠ ਵੱਲੋਂ ਪਾਸ ਕੀਤੇ ਗਏ ਮਤਿਆਂ ਦੀ ਸ਼ਲਾਘਾ ਕਰਦਿਆਂ ਮੰਤਰੀ ਨੇ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੀਆਂ ਚਿੰਤਾਵਾਂ ਅਤੇ ਭਾਵਨਾਵਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੱਕ ਪਹੁੰਚਾਉਣਗੇ। ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਹਰ ਵਰਗ ਦੇ ਅਧਿਕਾਰਾਂ ਅਤੇ ਉਮੀਦਾਂ ਦੀ ਰਾਖੀ ਲਈ ਉਨ੍ਹਾਂ ਦੇ ਨਾਲ ਖੜ੍ਹੀ ਹੈ।

ਲਾਲ ਚੰਦ ਕਟਾਰੂਚੱਕ ਨੇ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਭੇਦਭਾਵ, ਅਸਮਾਨਤਾ ਅਤੇ ਬੇਇਨਸਾਫ਼ੀ ਤੋਂ ਮੁਕਤ ਸਮਾਜ ਦੇ ਸੰਕਲਪ ਨੂੰ ਸਾਕਾਰ ਕਰਨ ਲਈ ਸਮੂਹਿਕ ਤੌਰ 'ਤੇ ਕੰਮ ਕਰਨ ਦਾ ਸੱਦਾ ਦਿੰਦਿਆਂ ਸਾਰਿਆਂ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਉਨ੍ਹਾਂ ਇਸ ਇਤਿਹਾਸਕ ਪ੍ਰਕਾਸ਼ ਪੁਰਬ ਮੌਕੇ ਸੰਗਤਾਂ ਨੂੰ ਹਾਰਦਿਕ ਮੁਬਾਰਕਬਾਦ ਵੀ ਦਿੱਤੀ ਅਤੇ ਸਮਾਜਿਕ ਸਦਭਾਵਨਾ, ਸਮਾਨਤਾ ਅਤੇ ਮਨੁੱਖੀ ਮਾਣ-ਸਨਮਾਨ ਦੇ ਆਦਰਸ਼ਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001
www.ghumanlawgroup.org
2450 VENTURE OAKS WAY, STE 225 SACRAMENTO, CA


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN 7 DAYS A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Pal Films
Production
All Your Photo/Videography &
Post Production needs Under One Roof
RED PRO
5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

# ਮਨੁੱਖੀ ਤਰੱਕੀ ਲਈ ਆਸ ਕਿਉਂ ਹੈ ਲਾਜ਼ਮੀ?

ਮਨੁੱਖੀ ਸਭਿਆਚਾਰ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇੱਕ ਸੱਚਾਈ ਹਰ ਯੁੱਗ ਵਿੱਚ ਸਪੱਸ਼ਟ ਨਜ਼ਰ ਆਉਂਦੀ ਹੈ ਆਸ ਅਤੇ ਆਸ਼ਾਵਾਦ ਹੀ ਮਨੁੱਖੀ ਤਰੱਕੀ, ਸੰਘਰਸ਼ਸ਼ੀਲਤਾ ਅਤੇ ਨਵੀਨਤਾ ਦੇ ਸਭ ਤੋਂ ਵੱਡੇ ਪ੍ਰੇਰਕ ਰਹੇ ਹਨ। ਨਿੱਜੀ ਮੁਸ਼ਕਿਲਾਂ 'ਤੇ ਜਿੱਤ ਹਾਸਲ ਕਰਨ ਤੋਂ ਲੈ ਕੇ ਜੰਗਾਂ, ਮਹਾਂਮਾਰੀਆਂ ਅਤੇ ਕੁਦਰਤੀ ਆਫ਼ਤਾਂ ਤੋਂ ਬਾਅਦ ਸਮਾਜਾਂ ਦੇ ਮੁੜ ਨਿਰਮਾਣ ਤੱਕ, ਮਨੁੱਖਤਾ ਨੂੰ ਹਮੇਸ਼ਾ ਆਸ ਨੇ ਹੀ ਅੱਗੇ ਵੱਧਣ ਦਾ ਹੌਸਲਾ ਦਿੱਤਾ ਹੈ।ਆਸ਼ਾਵਾਦ ਦਾ ਅਰਥ ਕੇਵਲ ਇਹ ਨਹੀਂ ਕਿ ਚੰਗੇ ਦਿਨ ਆਉਣਗੇ। ਅਸਲ ਆਸ਼ਾਵਾਦ ਉਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਹਰ ਚੁਣੌਤੀ ਨੂੰ ਸਬਰ, ਸੂਝ-ਬੂਝ, ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨਾਲ ਪਾਰ ਕੀਤਾ ਜਾ ਸਕਦਾ ਹੈ। ਇਹੀ ਸੋਚ ਮਨੁੱਖ ਨੂੰ ਰੁਕਾਵਟਾਂ ਨੂੰ ਮੌਕਿਆਂ ਵਿੱਚ ਅਤੇ ਅਸਫਲਤਾਵਾਂ ਨੂੰ ਸਫਲਤਾ ਦੀਆਂ ਪੌੜੀਆਂ ਵਿੱਚ ਬਦਲਣ ਦੀ ਸਮਰੱਥਾ ਦਿੰਦੀ ਹੈ।

ਸਦੀਆਂ ਤੋਂ ਦਰਸ਼ਨਸ਼ਾਸਤਰੀਆਂ, ਧਾਰਮਿਕ ਚਿੰਤਕਾਂ ਅਤੇ ਮਨੋਵਿਗਿਆਨੀਆਂ ਨੇ ਆਸ਼ਾਵਾਦ ਨੂੰ ਮਨੁੱਖੀ ਜੀਵਨ ਦਾ ਇੱਕ ਮਹੱਤਵਪੂਰਨ ਗੁਣ ਮੰਨਿਆ ਹੈ। ਪ੍ਰਾਚੀਨ ਸਟੋਇਕ ਦਰਸ਼ਨ ਤੋਂ ਲੈ ਕੇ ਆਧੁਨਿਕ ਪੌਜ਼ੀਟਿਵ ਸਾਈਕੋਲੋਜੀ ਤੱਕ, ਆਸ ਨੂੰ ਮਨੁੱਖੀ ਮਨ ਨੂੰ ਮਜ਼ਬੂਤ ਕਰਨ ਅਤੇ ਵਿਅਕਤੀਗਤ ਵਿਕਾਸ ਦਾ ਆਧਾਰ ਮੰਨਿਆ ਗਿਆ ਹੈ। ਪਿਛਲੇ ਕੁਝ ਦਹਾਕਿਆਂ ਵਿੱਚ ਵਿਗਿਆਨਕ ਖੋਜਾਂ ਨੇ ਵੀ ਇਹ ਸਾਬਤ ਕੀਤਾ ਹੈ ਕਿ ਆਸ਼ਾਵਾਦ ਸਿਰਫ਼ ਇੱਕ ਭਾਵਨਾਤਮਕ ਧਾਰਨਾ ਨਹੀਂ, ਸਗੋਂ ਇੱਕ ਅਜਿਹਾ ਮਨੋਵਿਗਿਆਨਕ ਗੁਣ ਹੈ ਜਿਸ ਦਾ ਸਿੱਧਾ ਪ੍ਰਭਾਵ ਸਰੀਰਕ ਸਿਹਤ, ਮਾਨਸਿਕ ਸੰਤੁਲਨ ਅਤੇ ਸਮਾਜਿਕ ਜੀਵਨ 'ਤੇ ਪੈਂਦਾ ਹੈ।

ਆਧੁਨਿਕ ਨਿਊਰੋਸਾਇੰਸ ਨੇ ਇਹ ਵੀ ਦਰਸਾਇਆ ਹੈ ਕਿ ਆਸ਼ਾਵਾਦ ਦਾ ਮਨੁੱਖੀ ਦਿਮਾਗ ਨਾਲ ਡੂੰਘਾ ਸੰਬੰਧ ਹੈ। ਫੰਕਸ਼ਨਲ ਐਮ.ਆਰ.ਆਈ ਅਧਿਐਨਾਂ ਅਨੁਸਾਰ ਆਸ਼ਾਵਾਦੀ ਸੋਚ ਦਿਮਾਗ ਦੇ ਉਹਨਾਂ ਹਿੱਸਿਆਂ ਨੂੰ ਸਰਗਰਮ ਕਰਦੀ ਹੈ ਜੋ ਫ਼ੈਸਲੇ ਲੈਣ, ਪ੍ਰੇਰਣਾ ਅਤੇ ਇਨਾਮ ਪ੍ਰਾਪਤ ਕਰਨ ਦੀ ਪ੍ਰਕਿਰਿਆ ਨਾਲ ਜੁੜੇ ਹਨ। ਇਸ ਦੇ ਨਾਲ ਹੀ ਆਸ਼ਾਵਾਦੀ ਵਿਅਕਤੀਆਂ ਵਿੱਚ ਤਣਾਅ ਪੈਦਾ ਕਰਨ ਵਾਲੇ ਹਾਰਮੋਨ ਕੋਰਟੀਸੋਲ ਦਾ ਪੱਧਰ ਘੱਟ ਹੁੰਦਾ ਹੈ, ਜਦਕਿ ਸੈਰੋਟੋਨਿਨ ਅਤੇ ਡੋਪਾਮਾਈਨ ਵਰਗੇ ਰਸਾਇਣ ਸੰਤੁਲਿਤ ਰਹਿੰਦੇ ਹਨ, ਜੋ ਮਨੋਦਸ਼ਾ ਅਤੇ ਭਾਵਨਾਤਮਕ ਸਥਿਰਤਾ ਲਈ ਬਹੁਤ ਮਹੱਤਵਪੂਰਨ ਹਨ।

ਖੋਜਾਂ ਇਹ ਵੀ ਦੱਸਦੀਆਂ ਹਨ ਕਿ ਆਸ਼ਾਵਾਦੀ ਲੋਕਾਂ ਦੀ ਦਿਲ ਦੀ ਸਿਹਤ ਵਧੀਆ ਹੁੰਦੀ ਹੈ, ਰੋਗ-ਪ੍ਰਤੀਰੋਧਕ ਸਮਰੱਥਾ ਮਜ਼ਬੂਤ ਰਹਿੰਦੀ ਹੈ ਅਤੇ ਉਹ ਆਮ ਤੌਰ 'ਤੇ ਵਧੇਰੇ ਲੰਬਾ ਅਤੇ ਸੰਤੁਸ਼ਟ ਜੀਵਨ ਜੀਉਂਦੇ ਹਨ। ਅਜਿਹੇ ਲੋਕ ਤਣਾਅ, ਚਿੰਤਾ ਅਤੇ ਡਿਪ੍ਰੈਸ਼ਨ ਦਾ ਘੱਟ ਸ਼ਿਕਾਰ ਹੁੰਦੇ ਹਨ ਅਤੇ ਹਰ ਮੁਸ਼ਕਿਲ ਨੂੰ ਹੱਲ ਲੱਭਣ ਵਾਲੀ ਸੋਚ ਨਾਲ ਦੇਖਦੇ ਹਨ।ਜੀਵਨ ਵਿੱਚ ਅਸਫਲਤਾਵਾਂ, ਨਿਰਾਸ਼ਾਵਾਂ ਅਤੇ ਸੰਕਟ ਆਉਣਾ ਸੁਭਾਵਿਕ ਹੈ। ਪਰ ਆਸ਼ਾਵਾਦੀ ਵਿਅਕਤੀ ਇਨ੍ਹਾਂ ਨੂੰ ਸਥਾਈ ਹਾਰ ਨਹੀਂ ਮੰਨਦਾ। ਉਹ ਹਰ ਅਸਫਲਤਾ ਨੂੰ ਇੱਕ ਸਬਕ ਵਜੋਂ ਸਵੀਕਾਰ ਕਰਦਾ ਹੈ, ਆਪਣੀਆਂ ਗਲਤੀਆਂ ਤੋਂ ਸਿੱਖਦਾ ਹੈ ਅਤੇ ਨਵੇਂ ਉਤਸ਼ਾਹ ਨਾਲ ਅੱਗੇ ਵੱਧਦਾ ਹੈ। ਇਹੀ ਗੁਣ ਉਸ ਨੂੰ ਮੁਸ਼ਕਿਲ ਸਮੇਂ ਵਿੱਚ ਵੀ ਡਟੇ ਰਹਿਣ ਅਤੇ ਸਫਲਤਾ ਵੱਲ ਵੱਧਦੇ ਰਹਿਣ ਦੀ ਤਾਕਤ ਦਿੰਦਾ ਹੈ।

ਆਸ਼ਾਵਾਦ ਸਿੱਖਿਆ, ਰੋਜ਼ਗਾਰ ਅਤੇ ਲੀਡਰਸ਼ਿਪ ਵਿੱਚ ਵੀ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਸ਼ਾਵਾਦੀ ਵਿਦਿਆਰਥੀ ਇਹ ਵਿਸ਼ਵਾਸ ਰੱਖਦੇ ਹਨ ਕਿ ਮਿਹਨਤ ਨਾਲ ਸਫਲਤਾ ਜ਼ਰੂਰ ਮਿਲਦੀ ਹੈ, ਇਸ ਲਈ ਉਹ ਵਧੇਰੇ ਲਗਨ ਨਾਲ ਪੜ੍ਹਦੇ ਹਨ ਅਤੇ ਮੁਸ਼ਿਕਲਾਂ ਤੋਂ ਘਬਰਾਉਂਦੇ ਨਹੀਂ। ਇਸੇ ਤਰ੍ਹਾਂ ਕਾਰਜਸਥਲਾਂ 'ਤੇ ਵੀ ਆਸ਼ਾਵਾਦੀ ਕਰਮਚਾਰੀ ਵਧੇਰੇ ਉਤਪਾਦਕ, ਰਚਨਾਤਮਕ ਅਤੇ ਸਹਿਯੋਗੀ ਸਾਬਤ ਹੁੰਦੇ ਹਨ। ਉਹ ਸਮੱਸਿਆਵਾਂ ਦੀ ਥਾਂ ਹੱਲ ਲੱਭਣ 'ਤੇ ਜ਼ੋਰ ਦਿੰਦੇ ਹਨ, ਜਿਸ ਨਾਲ ਸੰਸਥਾਵਾਂ ਅਤੇ ਸਮਾਜ ਦੋਵਾਂ ਨੂੰ ਲਾਭ ਹੁੰਦਾ ਹੈ।ਆਸ਼ਾਵਾਦ ਕੇਵਲ ਵਿਅਕਤੀਗਤ ਸਫਲਤਾ ਤੱਕ ਹੀ ਸੀਮਿਤ ਨਹੀਂ। ਇਹ ਪਰਿਵਾਰਾਂ ਨੂੰ ਜੋੜਦਾ ਹੈ, ਦੋਸਤੀਆਂ ਨੂੰ ਮਜ਼ਬੂਤ ਕਰਦਾ ਹੈ ਅਤੇ ਸਮਾਜ ਵਿੱਚ ਆਪਸੀ ਵਿਸ਼ਵਾਸ, ਹਮਦਰਦੀ ਅਤੇ ਸਹਿਯੋਗ ਦੀ ਭਾਵਨਾ ਨੂੰ ਵੱਧਾਉਂਦਾ ਹੈ। ਆਸ ਨਾਲ ਭਰਪੂਰ ਸਮਾਜ ਹਰ ਸੰਕਟ ਦਾ ਸਾਹਮਣਾ ਵਧੇਰੇ ਇਕਜੁੱਟ ਹੋ ਕੇ ਕਰ ਸਕਦਾ ਹੈ।

ਇਹ ਧਾਰਨਾ ਵੀ ਗਲਤ ਹੈ ਕਿ ਆਸ਼ਾਵਾਦ ਕੇਵਲ ਜਨਮਜਾਤ ਗੁਣ ਹੈ। ਮਨੋਵਿਗਿਆਨੀ ਮੰਨਦੇ ਹਨ ਕਿ ਇਸ ਨੂੰ ਅਭਿਆਸ ਰਾਹੀਂ ਵਿਕਸਿਤ ਕੀਤਾ ਜਾ ਸਕਦਾ ਹੈ। ਨਕਾਰਾਤਮਕ ਘਟਨਾਵਾਂ ਨੂੰ ਨਵੇਂ ਨਜ਼ਰੀਏ ਨਾਲ ਸਮਝਣਾ, ਜੀਵਨ ਦੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਲਈ ਧੰਨਵਾਦ ਪ੍ਰਗਟ ਕਰਨਾ, ਧਿਆਨ ਅਤੇ ਮਨਨ ਕਰਨਾ, ਯਥਾਰਥਵਾਦੀ ਟੀਚੇ ਨਿਰਧਾਰਤ ਕਰਨਾ ਅਤੇ ਸਕਾਰਾਤਮਕ ਸੋਚ ਵਾਲੇ ਲੋਕਾਂ ਦੀ ਸੰਗਤ ਕਰਨਾ ਇਹ ਸਾਰੇ ਅਜਿਹੇ ਤਰੀਕੇ ਹਨ ਜੋ ਆਸ਼ਾਵਾਦ ਨੂੰ ਮਜ਼ਬੂਤ ਕਰਦੇ ਹਨ। ਕੋਗਨਿਟਿਵ ਬਿਹੇਵੀਅਰਲ ਥੈਰੇਪੀ ਦੇ ਸਿਧਾਂਤ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਆਸ਼ਾਵਾਦ ਇੱਕ ਅਜਿਹਾ ਹੁਨਰ ਹੈ ਜਿਸ ਨੂੰ ਨਿਰੰਤਰ ਯਤਨਾਂ ਨਾਲ ਵਿਕਸਿਤ ਕੀਤਾ ਜਾ ਸਕਦਾ ਹੈ।ਹਾਲਾਂਕਿ ਆਸ਼ਾਵਾਦ ਦਾ ਅਰਥ ਹਕੀਕਤ ਤੋਂ ਅੱਖਾਂ ਬੰਦ ਕਰ ਲੈਣਾ ਨਹੀਂ ਹੈ। ਲੋੜ ਤੋਂ ਵੱਧ ਆਸ਼ਾਵਾਦ ਕਈ ਵਾਰ ਗਲਤ ਫ਼ੈਸਲਿਆਂ, ਜੋਖਮਾਂ ਨੂੰ ਘੱਟ ਸਮਝਣ ਅਤੇ ਅਸਫਲਤਾਵਾਂ ਦਾ ਕਾਰਨ ਵੀ ਬਣ ਸਕਦਾ ਹੈ। ਇਸ ਲਈ ਮਨੋਵਿਗਿਆਨੀ ਯਥਾਰਥਵਾਦੀ ਆਸ਼ਾਵਾਦ ਦੀ ਵਕਾਲਤ ਕਰਦੇ ਹਨ, ਜਿਸ ਵਿੱਚ ਆਸ ਦੇ ਨਾਲ-ਨਾਲ ਤਰਕ, ਸਹੀ ਯੋਜਨਾਬੰਦੀ ਅਤੇ ਜ਼ਿੰਮੇਵਾਰ ਫ਼ੈਸਲੇ ਵੀ ਸ਼ਾਮਲ ਹੁੰਦੇ ਹਨ।

ਜੇ ਵਿਕਾਸਵਾਦੀ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਆਸ ਨੇ ਮਨੁੱਖੀ ਸਭਿਆਚਾਰ ਦੇ ਵਿਕਾਸ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਜਿਨ੍ਹਾਂ ਲੋਕਾਂ ਨੇ ਮੁਸ਼ਕਿਲ ਸਮੇਂ ਵਿੱਚ ਵੀ ਹੌਸਲਾ ਨਹੀਂ ਛੱਡਿਆ, ਉਹੀ ਨਵੇਂ ਰਸਤੇ ਲੱਭਣ, ਵਿਗਿਆਨਕ ਖੋਜਾਂ ਕਰਨ, ਤਕਨੀਕੀ ਕ੍ਰਾਂਤੀਆਂ ਲਿਆਉਣ ਅਤੇ ਸਮਾਜ ਨੂੰ ਅੱਗੇ ਵੱਧਾਉਣ ਵਿੱਚ ਸਫਲ ਰਹੇ। ਮਨੁੱਖਤਾ ਦੀਆਂ ਵੱਡੀਆਂ ਉਪਲੱਬਧੀਆਂ ਦੇ ਪਿੱਛੇ ਹਮੇਸ਼ਾ ਇਹ ਵਿਸ਼ਵਾਸ ਰਿਹਾ ਹੈ ਕਿ ਸੁਚੱਜਾ ਭਵਿੱਖ ਸੰਭਵ ਹੈ।ਅੱਜ ਸੰਸਾਰ ਜਲਵਾਯੂ ਪਰਿਵਰਤਨ, ਆਰਥਿਕ ਅਨਿਸ਼ਚਿਤਤਾ, ਜਨ ਸਿਹਤ ਸੰਕਟਾਂ, ਤੇਜ਼ੀ ਨਾਲ ਬਦਲਦੀ ਤਕਨੀਕ ਅਤੇ ਮਾਨਸਿਕ ਸਿਹਤ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਅਜਿਹੇ ਸਮੇਂ ਵਿੱਚ ਆਸ ਕੋਈ ਵਿਲਾਸਤਾ ਨਹੀਂ, ਸਗੋਂ ਮਨੁੱਖੀ ਜੀਵਨ ਦੀ ਮਨੋਵਿਗਿਆਨਕ ਲੋੜ ਹੈ। ਵਿਗਿਆਨ ਵੀ ਇਹੀ ਦੱਸਦਾ ਹੈ ਕਿ ਯਥਾਰਥਵਾਦੀ ਆਸ਼ਾਵਾਦ ਮਨੁੱਖ ਨੂੰ ਮਜ਼ਬੂਤ ਬਣਾਉਂਦਾ ਹੈ, ਵਧੀਆ ਸਿਹਤ ਪ੍ਰਦਾਨ ਕਰਦਾ ਹੈ, ਸਹੀ ਫ਼ੈਸਲੇ ਲੈਣ ਵਿੱਚ ਮਦਦ ਕਰਦਾ ਹੈ ਅਤੇ ਸਮਾਜਿਕ ਭਲਾਈ ਨੂੰ ਉਤਸ਼ਾਹਿਤ ਕਰਦਾ ਹੈ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਆਸ਼ਾਵਾਦ ਨਾ ਤਾਂ ਅੰਨ੍ਹਾ ਵਿਸ਼ਵਾਸ ਹੈ ਅਤੇ ਨਾ ਹੀ ਹਵਾਈ ਕਲਪਨਾ। ਇਹ ਜੀਵਨ ਨੂੰ ਦੇਖਣ ਦਾ ਇੱਕ ਸੰਤੁਲਿਤ, ਵਿਗਿਆਨਕ ਅਤੇ ਸਕਾਰਾਤਮਕ ਨਜ਼ਰੀਆ ਹੈ, ਜੋ ਮਨੁੱਖ ਨੂੰ ਹਕੀਕਤ ਤੋਂ ਭੱਜਣ ਦੀ ਬਜਾਏ ਉਸ ਦਾ ਡਟ ਕੇ ਸਾਹਮਣਾ ਕਰਨ ਲਈ ਪ੍ਰੇਰਿਤ ਕਰਦਾ ਹੈ।ਅਨਿਸ਼ਚਿਤਤਾਵਾਂ ਨਾਲ ਭਰੇ ਇਸ ਯੁੱਗ ਵਿੱਚ ਯਥਾਰਥਵਾਦੀ ਆਸ਼ਾਵਾਦ ਨੂੰ ਅਪਣਾਉਣਾ ਕੇਵਲ ਵਿਅਕਤੀਗਤ ਚੋਣ ਨਹੀਂ, ਸਗੋਂ ਸਮਾਜਿਕ ਲੋੜ ਬਣ ਚੁੱਕਾ ਹੈ। ਜਦੋਂ ਆਸ ਦਾ ਸਾਥ ਤਰਕ, ਜ਼ਿੰਮੇਵਾਰੀ ਅਤੇ ਨਿਰੰਤਰ ਯਤਨਾਂ ਨਾਲ ਮਿਲਦਾ ਹੈ, ਤਦ ਹੀ ਮਨੁੱਖ ਆਪਣੇ ਜੀਵਨ ਨੂੰ ਖੁਸ਼ਹਾਲ, ਸਿਹਤਮੰਦ ਅਤੇ ਅਰਥਪੂਰਨ ਬਣਾ ਸਕਦਾ ਹੈ ਅਤੇ ਸਮਾਜ ਨੂੰ ਤਰੱਕੀ ਦੀ ਨਵੀਂ ਦਿਸ਼ਾ ਦੇ ਸਕਦਾ ਹੈ।







SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਵਡੇਰੀ ਉਮਰ 'ਚ ਵੀ ਜਿਊਣ ਦਾ ਉਤਸ਼ਾਹ ਨਾ ਘਟਣ ਦਿਓ

ਉਮਰ ਦਾ ਵਧਣਾ ਕੁਦਰਤ ਦਾ ਅਟੱਲ ਨਿਯਮ ਹੈ। ਹਰ ਮਨੁੱਖ ਬਚਪਨ, ਜਵਾਨੀ ਅਤੇ ਫਿਰ ਬੁਢਾਪੇ ਦੇ ਪੜਾਵਾਂ ਵਿੱਚੋਂ ਲੰਘਦਾ ਹੈ। ਅਕਸਰ ਇਹ ਧਾਰਨਾ ਬਣ ਜਾਂਦੀ ਹੈ ਕਿ ਬੁਢਾਪਾ ਸਿਰਫ਼ ਕਮਜ਼ੋਰੀ, ਇਕੱਲੇਪਣ ਅਤੇ ਨਿਰਾਸ਼ਾ ਦਾ ਸਮਾਂ ਹੈ। ਪਰ ਅਸਲ ਵਿੱਚ ਵਡੇਰੀ ਉਮਰ ਜੀਵਨ ਦਾ ਉਹ ਪੜਾਅ ਹੈ, ਜਿੱਥੇ ਤਜਰਬਾ, ਸਿਆਣਪ ਅਤੇ ਜੀਵਨ ਦੀ ਡੂੰਘੀ ਸਮਝ ਮਨੁੱਖ ਦੀ ਸਭ ਤੋਂ ਵੱਡੀ ਪੂੰਜੀ ਬਣ ਜਾਂਦੀ ਹੈ। ਜੇਕਰ ਸਕਾਰਾਤਮਕ ਸੋਚ ਅਤੇ ਜਿਊਣ ਦਾ ਉਤਸ਼ਾਹ ਬਣਿਆ ਰਹੇ, ਤਾਂ ਇਹ ਸਮਾਂ ਵੀ ਬਹੁਤ ਸੁਖਦ ਅਤੇ ਅਰਥਪੂਰਨ ਹੋ ਸਕਦਾ ਹੈ।

ਅੱਜ ਡਾਕਟਰੀ ਵਿਗਿਆਨ ਅਤੇ ਬਿਹਤਰ ਸਿਹਤ ਸਹੂਲਤਾਂ ਕਾਰਨ ਲੋਕ ਪਹਿਲਾਂ ਨਾਲੋਂ ਵੱਧ ਸਮੇਂ ਤੱਕ ਤੰਦਰੁਸਤ ਜੀਵਨ ਬਤੀਤ ਕਰ ਰਹੇ ਹਨ। ਇਸ ਲਈ ਇਹ ਸੋਚ ਬਦਲਣ ਦੀ ਲੋੜ ਹੈ ਕਿ ਵਡੇਰੀ ਉਮਰ ਦਾ ਮਤਲਬ ਸਿਰਫ਼ ਆਰਾਮ ਕਰਨਾ ਜਾਂ ਆਪਣੇ ਆਪ ਨੂੰ ਸਮਾਜ ਤੋਂ ਵੱਖ ਕਰ ਲੈਣਾ ਹੈ। ਇਸ ਦੀ ਬਜਾਏ, ਇਹ ਸਮਾਂ ਆਪਣੇ ਸ਼ੌਕ ਪੂਰੇ ਕਰਨ, ਨਵੀਆਂ ਚੀਜ਼ਾਂ ਸਿੱਖਣ, ਸਮਾਜ ਸੇਵਾ ਕਰਨ ਅਤੇ ਪਰਿਵਾਰ ਨਾਲ ਖੁਸ਼ੀਆਂ ਸਾਂਝੀਆਂ ਕਰਨ ਦਾ ਵੀ ਹੋ ਸਕਦਾ ਹੈ।

ਸਿਹਤਮੰਦ ਜੀਵਨ-ਸ਼ੈਲੀ ਇਸ ਉਤਸ਼ਾਹ ਨੂੰ ਕਾਇਮ ਰੱਖਣ ਦੀ ਕੁੰਜੀ ਹੈ। ਸੰਤੁਲਿਤ ਭੋਜਨ, ਨਿਯਮਿਤ ਸੈਰ, ਹਲਕੀ ਕਸਰਤ, ਯੋਗ ਅਤੇ ਧਿਆਨ ਨਾ ਸਿਰਫ਼ ਸਰੀਰ ਨੂੰ ਤੰਦਰੁਸਤ ਰੱਖਦੇ ਹਨ, ਸਗੋਂ ਮਨ ਨੂੰ ਵੀ ਸ਼ਾਂਤ ਅਤੇ ਪ੍ਰਸੰਨ ਬਣਾਉਂਦੇ ਹਨ। ਇਸ ਦੇ ਨਾਲ-ਨਾਲ ਨਿਯਮਿਤ ਸਿਹਤ ਜਾਂਚ ਵੀ ਬਹੁਤ ਜ਼ਰੂਰੀ ਹੈ ਤਾਂ ਜੋ ਬਿਮਾਰੀਆਂ ਦਾ ਸਮੇਂ ਸਿਰ ਪਤਾ ਲੱਗ ਸਕੇ।

ਮਾਨਸਿਕ ਤੰਦਰੁਸਤੀ ਵੀ ਉਨੀ ਹੀ ਮਹੱਤਵਪੂਰਨ ਹੈ। ਕਿਤਾਬਾਂ ਪੜ੍ਹਨਾ, ਅਖ਼ਬਾਰਾਂ ਅਤੇ ਰਸਾਲਿਆਂ ਨਾਲ ਜੁੜੇ ਰਹਿਣਾ, ਨਵੀਆਂ ਭਾਸ਼ਾਵਾਂ ਜਾਂ ਕੰਪਿਊਟਰ ਦੀ ਜਾਣਕਾਰੀ ਸਿੱਖਣਾ, ਸੰਗੀਤ ਸੁਣਨਾ, ਬਾਗਬਾਨੀ ਕਰਨਾ ਜਾਂ ਧਾਰਮਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਣਾ ਮਨ ਨੂੰ ਸਰਗਰਮ ਰੱਖਦਾ ਹੈ। ਨਵੀਆਂ ਚੀਜ਼ਾਂ ਸਿੱਖਣ ਨਾਲ ਦਿਮਾਗ ਦੀ ਕਾਰਗੁਜ਼ਾਰੀ ਵੀ ਬਿਹਤਰ ਰਹਿੰਦੀ ਹੈ।

ਪਰਿਵਾਰ ਦਾ ਸਹਿਯੋਗ ਵੀ ਬਹੁਤ ਮਹੱਤਵਪੂਰਨ ਹੈ। ਬਜ਼ੁਰਗਾਂ ਨੂੰ ਸਿਰਫ਼ ਦੇਖਭਾਲ ਦੀ ਨਹੀਂ, ਸਗੋਂ ਪਿਆਰ, ਸਤਿਕਾਰ ਅਤੇ ਆਪਣੇਪਣ ਦੀ ਲੋੜ ਹੁੰਦੀ ਹੈ। ਉਨ੍ਹਾਂ ਦੇ ਤਜਰਬਿਆਂ ਨੂੰ ਸੁਣਨਾ, ਉਨ੍ਹਾਂ ਨਾਲ ਸਮਾਂ ਬਿਤਾਉਣਾ ਅਤੇ ਪਰਿਵਾਰਕ ਫ਼ੈਸਲਿਆਂ ਵਿੱਚ ਉਨ੍ਹਾਂ ਦੀ ਰਾਇ ਲੈਣਾ ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਵਧਾਉਂਦਾ ਹੈ। ਇਸੇ ਤਰ੍ਹਾਂ ਬਜ਼ੁਰਗਾਂ ਨੂੰ ਵੀ ਨਵੀਂ ਪੀੜ੍ਹੀ ਦੀ ਸੋਚ ਨੂੰ ਸਮਝਣ ਅਤੇ ਬਦਲਦੇ ਸਮੇਂ ਨਾਲ ਖੁਦ ਨੂੰ ਜੋੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਅੱਜ ਬਹੁਤ ਸਾਰੇ ਸੀਨੀਅਰ ਨਾਗਰਿਕ ਸਮਾਜ ਸੇਵਾ, ਪੜ੍ਹਾਉਣ, ਲਿਖਣ, ਸਲਾਹਕਾਰ ਵਜੋਂ ਕੰਮ ਕਰਨ ਅਤੇ ਸੇਵਾ ਸੰਸਥਾਵਾਂ ਨਾਲ ਜੁੜ ਕੇ ਆਪਣਾ ਕੀਮਤੀ ਯੋਗਦਾਨ ਦੇ ਰਹੇ ਹਨ। ਉਨ੍ਹਾਂ ਦਾ ਤਜਰਬਾ ਸਮਾਜ ਲਈ ਇੱਕ ਅਨਮੋਲ ਧਰੋਹਰ ਹੈ।

ਇਕੱਲਾਪਣ ਵਡੇਰੀ ਉਮਰ ਦੀ ਇੱਕ ਵੱਡੀ ਸਮੱਸਿਆ ਬਣ ਸਕਦਾ ਹੈ। ਇਸ ਤੋਂ ਬਚਣ ਲਈ ਦੋਸਤਾਂ ਨਾਲ ਮਿਲਣਾ, ਸਮਾਜਿਕ ਸਮਾਗਮਾਂ ਵਿੱਚ ਹਿੱਸਾ ਲੈਣਾ, ਸੀਨੀਅਰ ਸਿਟੀਜ਼ਨ ਕਲੱਬਾਂ ਨਾਲ ਜੁੜਨਾ ਅਤੇ ਆਪਣੇ ਸ਼ੌਕਾਂ ਨੂੰ ਜਾਰੀ ਰੱਖਣਾ ਲਾਭਦਾਇਕ ਹੈ। ਸਕਾਰਾਤਮਕ ਸੋਚ ਅਤੇ ਸਰਗਰਮ ਜੀਵਨ-ਸ਼ੈਲੀ ਇਕੱਲੇਪਣ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੀ ਹੈ।

ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਮਰ ਸਿਰਫ਼ ਇੱਕ ਅੰਕ ਹੈ। ਜਦੋਂ ਮਨ ਉਤਸ਼ਾਹੀ ਹੋਵੇ, ਸੋਚ ਸਕਾਰਾਤਮਕ ਹੋਵੇ ਅਤੇ ਜੀਵਨ ਪ੍ਰਤੀ ਉਮੀਦ ਬਣੀ ਰਹੇ, ਤਾਂ ਹਰ ਦਿਨ ਨਵੀਂ ਸ਼ੁਰੂਆਤ ਬਣ ਸਕਦਾ ਹੈ। ਵਡੇਰੀ ਉਮਰ ਵਿੱਚ ਵੀ ਸੁਪਨੇ ਦੇਖੇ ਜਾ ਸਕਦੇ ਹਨ, ਨਵੇਂ ਦੋਸਤ ਬਣਾਏ ਜਾ ਸਕਦੇ ਹਨ ਅਤੇ ਸਮਾਜ ਲਈ ਅਰਥਪੂਰਨ ਕੰਮ ਕੀਤੇ ਜਾ ਸਕਦੇ ਹਨ।

ਅੰਤ ਵਿੱਚ, ਵਡੇਰੀ ਉਮਰ ਜੀਵਨ ਦਾ ਅੰਤ ਨਹੀਂ, ਸਗੋਂ ਤਜਰਬੇ, ਸਿਆਣਪ ਅਤੇ ਸੰਤੁਲਨ ਨਾਲ ਭਰਿਆ ਇੱਕ ਨਵਾਂ ਅਧਿਆਇ ਹੈ। ਜੇ ਅਸੀਂ ਆਪਣੀ ਸਿਹਤ ਦਾ ਧਿਆਨ ਰੱਖੀਏ, ਪਰਿਵਾਰ ਅਤੇ ਸਮਾਜ ਨਾਲ ਜੁੜੇ ਰਹੀਏ, ਨਵੀਆਂ ਚੀਜ਼ਾਂ ਸਿੱਖਦੇ ਰਹੀਏ ਅਤੇ ਜੀਵਨ ਪ੍ਰਤੀ ਆਸ ਅਤੇ ਉਤਸ਼ਾਹ ਨੂੰ ਕਾਇਮ ਰੱਖੀਏ, ਤਾਂ ਬੁਢਾਪਾ ਵੀ ਖੁਸ਼ਹਾਲ, ਸਰਗਰਮ ਅਤੇ ਪ੍ਰੇਰਣਾਦਾਇਕ ਬਣ ਸਕਦਾ ਹੈ। ਜ਼ਿੰਦਗੀ ਦਾ ਹਰ ਪਲ ਕੀਮਤੀ ਹੈ ਇਸ ਲਈ ਵਡੇਰੀ ਉਮਰ ਵਿੱਚ ਵੀ ਜਿਊਣ ਦਾ ਉਤਸ਼ਾਹ ਕਦੇ ਨਾ ਘਟਣ ਦਿਓ।







SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





ਬਰਜਿੰਦਰ ਕੌਰ ਬਿਸਰਾਓ
99889-01324

# ਪੰਜਾਬ ਵਿੱਚ ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ

ਪੰਜਾਬੀ ਲੋਕ ਆਪਣੇ ਅਮੀਰ ਸੱਭਿਆਚਾਰ, ਰੀਤੀ-ਰਿਵਾਜਾਂ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਲਈ ਸੰਸਾਰ ਭਰ ਵਿੱਚ ਜਾਣੇ ਜਾਂਦੇ ਹਨ। ਜੇ ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਹਰ ਤਿਉਹਾਰ ਅਤੇ ਰਸਮਾਂ ਰਿਵਾਜਾਂ ਨਾਲ ਸਾਡਾ ਕੋਈ ਨਾ ਕੋਈ ਰਿਸ਼ਤਾ ਵੀ ਜ਼ਰੂਰ ਜੁੜਿਆ ਹੋਇਆ ਹੁੰਦਾ ਹੈ। ਇਸ ਦਾ ਮਕਸਦ ਸਿੱਧੇ ਤੌਰ ਤੇ ਰਿਸ਼ਤਿਆਂ ਵਿੱਚ ਮਿਠਾਸ ਭਰ ਕੇ ਤਿਉਹਾਰ ਦੀ ਖੁਸ਼ੀ ਨੂੰ ਦੁੱਗਣਾ ਕਰਨਾ ਹੁੰਦਾ ਹੈ। ਵੈਸੇ ਤਾਂ ਹਰ ਦਿਨ-ਤਿਉਹਾਰ ਤੇ ਕਦੇ ਭੈਣਾਂ ਵੱਲੋਂ ਭਰਾਵਾਂ ਦਾ ਤੇ ਭਰਾਵਾਂ ਵੱਲੋਂ ਭੈਣਾਂ ਦਾ, ਮਾਪਿਆਂ ਵੱਲੋਂ ਧੀਆਂ ਦਾ ਮਾਣ ਵਧਾਇਆ ਜਾਂਦਾ ਹੈ ਪਰ ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਸਾਡੇ ਪੰਜਾਬੀ ਸਭਿਆਚਾਰ ਦਾ ਇੱਕ ਅਹਿਮ ਹਿੱਸਾ ਹੈ। ਸੰਧਾਰਾ ਦੇਣ ਦਾ ਰਿਵਾਜ ਕੇਵਲ ਤੋਹਫ਼ੇ ਦੇਣ ਦੀ ਰਸਮ ਨਹੀਂ, ਸਗੋਂ ਧੀ ਪ੍ਰਤੀ ਪਿਆਰ, ਸਤਿਕਾਰ ਅਤੇ ਆਪਣੇਪਣ ਦੀ ਨਿਸ਼ਾਨੀ ਹੈ। ਸੰਧਾਰਾ ਪੇਕੇ ਘਰ ਦੀਆਂ ਉਹਨਾਂ ਭਾਵਨਾਵਾਂ ਦਾ ਪ੍ਰਗਟਾਵਾ ਹੈ, ਜੋ ਵਿਆਹ ਤੋਂ ਬਾਅਦ ਵੀ ਧੀ ਨਾਲ ਦਿਲੋਂ ਅਤੇ ਭਾਵਨਾਤਮਕ ਤੌਰ ਤੇ ਜੁੜੀਆਂ ਰਹਿੰਦੀਆਂ ਹਨ।

ਰਵਾਇਤੀ ਤੌਰ 'ਤੇ ਧੀਆਂ ਨੂੰ ਸਾਲ ਵਿੱਚ ਦੋ ਵਾਰ ਸੰਧਾਰਾ ਦਿੱਤਾ ਜਾਂਦਾ ਹੈ। ਇੱਕ ਸੰਧਾਰਾ ਸਾਉਣ ਦੇ ਮਹੀਨੇ, ਖ਼ਾਸ ਕਰਕੇ ਤੀਆਂ ਦੇ ਤਿਉਹਾਰ ਮੌਕੇ ਵਿਆਹੀਆਂ ਧੀਆਂ ਨੂੰ ਦਿੱਤਾ ਜਾਂਦਾ ਹੈ। ਜਦੋਂ ਧੀਆਂ ਤੀਆਂ ਮਨਾਉਣ ਲਈ ਆਪਣੇ ਪੇਕੇ ਆਉਂਦੀਆਂ ਹਨ ਅਤੇ ਵਾਪਸ ਸਹੁਰੇ ਘਰ ਜਾਂਦੀਆਂ ਹਨ, ਤਾਂ ਮਾਪੇ ਉਨ੍ਹਾਂ ਨੂੰ ਨਵੇਂ ਕੱਪੜੇ, ਚੂੜੀਆਂ, ਮਹਿੰਦੀ, ਮਿਠਾਈਆਂ, ਮੱਠੀਆਂ, ਬਿਸਕੁਟ, ਲੱਡੂ ਅਤੇ ਹੋਰ ਲੋੜੀਂਦਾ ਸਮਾਨ ਦੇ ਕੇ ਰੁਖ਼ਸਤ ਕਰਦੇ ਹਨ। ਕਈ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਗਹਿਣੇ ਜਾਂ ਹੋਰ ਕੀਮਤੀ ਤੋਹਫ਼ੇ ਵੀ ਦਿੰਦੇ ਹਨ। ਇਸ ਰਿਵਾਜ਼ ਬਾਰੇ ਲੋਕ ਬੋਲੀਆਂ ਵਿੱਚ ਵੀ ਕੁੜੀਆਂ ਦੀਆਂ ਭਾਵਨਾਵਾਂ ਦਾ ਜ਼ਿਕਰ ਆਉਂਦਾ ਹੈ:

ਸੰਧਾਰਾ ਆਇਆ, ਸੰਧਾਰਾ ਆਇਆ,<br>
ਵੀਰ ਮੇਰਾ ਅੰਬਰੋਂ ਤਾਰਾ ਲਿਆਇਆ!<br>
ਖਾਣ ਨੂੰ ਪਿੰਨੇ, ਪਹਿਨਣ ਨੂੰ ਚੀਰ,<br>
ਮੈਂ ਵਾਰੀ ਜਾਵਾਂ ਆਪਣੇ ਵੀਰ!

ਦੂਜਾ ਸੰਧਾਰਾ ਲੋਹੜੀ ਦੇ ਤਿਉਹਾਰ ਤੇ ਦਿੱਤਾ ਜਾਂਦਾ ਹੈ ਜਿਸ ਵਿੱਚ ਗੁੜ ਅਤੇ ਤਿਲ਼ ਦੇ ਲੱਡੂ, ਚੌਲਾਂ ਦੀਆਂ ਪਿੰਨੀਆਂ, ਮੂੰਗਫਲੀ,ਰਿਓੜੀਆਂ ਅਤੇ ਭੁੱਗੇ ਦੀ ਮਠਿਆਈ ਆਦਿ ਖ਼ਾਸ ਤੌਰ ਤੇ ਮਾਪੇ ਜਾਂ ਭਰਾ ਆਪਣੀਆਂ ਧੀਆਂ ਨੂੰ ਸਹੁਰੇ ਘਰ ਦੇ ਕੇ ਆਉਂਦੇ ਹਨ। ਇਸ ਤਰ੍ਹਾਂ ਸੰਧਾਰੇ ਦੀ ਰਸਮ ਨੂੰ ,ਕੁੜੀਆਂ ਦਾ ਸਹੁਰੇ ਘਰ ਵਿੱਚ ਮਾਣ ਵਧਾਉਣ ਦਾ ਇੱਕ ਜ਼ਰੀਆ ਵੀ ਮੰਨਿਆ ਜਾਂਦਾ ਹੈ। ਸੰਧਾਰਾ ਧੀ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਵਿਆਹ ਤੋਂ ਬਾਅਦ ਵੀ ਉਸ ਦਾ ਪੇਕਾ ਘਰ ਉਸ ਲਈ ਪਹਿਲਾਂ ਵਾਂਗ ਹੀ ਉਸ ਦਾ ਪੂਰਾ ਮਾਣ ਕਰਦਾ ਹੈ। ਇਹ ਰਿਵਾਜ ਧੀ ਦੇ ਸਨਮਾਨ, ਉਸ ਦੀਆਂ ਭਾਵਨਾਵਾਂ ਅਤੇ ਪਰਿਵਾਰਕ ਸਾਂਝ ਨੂੰ ਮਜ਼ਬੂਤ ਕਰਦਾ ਹੈ। ਸੰਧਾਰਾ ਸਿਰਫ਼ ਸੌਗਾਤਾਂ ਦਾ ਲੈਣ-ਦੇਣ ਨਹੀਂ, ਸਗੋਂ ਮਾਪਿਆਂ ਦੀਆਂ ਅਸੀਸਾਂ ਅਤੇ ਭੈਣ ਭਰਾਵਾਂ ਦੇ ਪਿਆਰ ਦਾ ਪ੍ਰਤੀਕ ਹੈ।

ਸਮੇਂ ਦੇ ਨਾਲ ਨਾਲ ਇਸ ਰਿਵਾਜ਼ ਦਾ ਰੂਪ ਵੀ ਜ਼ਰੂਰ ਬਦਲਿਆ ਹੈ। ਪਹਿਲਾਂ ਸੰਧਾਰਾ ਹੱਥੀਂ ਬਣੀਆਂ ਮੱਠੀਆਂ, ਘਰ ਦੇ ਬਣਾਏ ਬਿਸਕੁਟ, ਸੂਟ ਅਤੇ ਰਵਾਇਤੀ ਚੀਜ਼ਾਂ ਦਾ ਹੁੰਦਾ ਸੀ, ਪਰ ਅੱਜ ਇਸ ਵਿੱਚ ਤਿਆਰ ਕੱਪੜੇ, ਮਠਿਆਈਆਂ, ਹੋਰ ਘਰੇਲੂ ਉਪਕਰਨ ਜਿਸ ਦੀ ਲੜਕੀ ਨੂੰ ਜ਼ਰੂਰਤ ਹੋਵੇ ਜਾਂ ਨਕਦ ਰਕਮ ਜਾਂ ਹੋਰ ਆਧੁਨਿਕ ਤੋਹਫ਼ੇ ਆਦਿ ਵੀ ਸ਼ਾਮਲ ਹੋ ਗਏ ਹਨ। ਸੰਧਾਰੇ ਦੇ ਰੂਪ ਵਿੱਚ ਚਾਹੇ ਸਮੇਂ ਦੇ ਨਾਲ ਬਦਲਾਅ ਆ ਗਏ ਹਨ ਪਰ ਫਿਰ ਵੀ ਇਸ ਦੀ ਰੂਹ ਵਿੱਚ ਧੀ ਪ੍ਰਤੀ ਪਿਆਰ ਅਤੇ ਸਨੇਹ ਉਹੀ ਹੈ।

ਅੱਜ ਦੇ ਤੇਜ਼-ਰਫ਼ਤਾਰ ਜੀਵਨ ਵਿੱਚ ਭਾਵੇਂ ਕਈ ਪੁਰਾਣੀਆਂ ਰਸਮਾਂ ਮੱਧਮ ਪੈ ਰਹੀਆਂ ਹਨ, ਪਰ ਸੰਧਾਰਾ ਦੇਣ ਦੀ ਪਰੰਪਰਾ ਅਜੇ ਵੀ ਪੰਜਾਬੀ ਪਰਿਵਾਰਾਂ ਵਿੱਚ ਜਿਉਂ ਦੀ ਤਿਉਂ ਬਰਕਰਾਰ ਹੈ। ਇਹ ਰਿਵਾਜ ਸਾਨੂੰ ਯਾਦ ਦਿਵਾਉਂਦਾ ਹੈ ਕਿ ਧੀਆਂ ਵੀ ਘਰ ਦਾ ਮਾਣ ਹੁੰਦੀਆਂ ਹਨ ਅਤੇ ਉਨ੍ਹਾਂ ਨਾਲ ਪਿਆਰ ਅਤੇ ਸਤਿਕਾਰ ਦਾ ਰਿਸ਼ਤਾ ਹਮੇਸ਼ਾ ਕਾਇਮ ਰਹਿਣਾ ਚਾਹੀਦਾ ਹੈ। ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬ ਦੀ ਲੋਕ-ਸੱਭਿਆਚਾਰਕ ਵਿਰਾਸਤ ਦਾ ਇੱਕ ਅਨਮੋਲ ਹਿੱਸਾ ਹੈ। ਇਹ ਰਿਸ਼ਤਿਆਂ ਦੇ ਨਿੱਘ, ਪਰਿਵਾਰਿਕ ਏਕਤਾ ਅਤੇ ਧੀ ਪ੍ਰਤੀ ਅਟੁੱਟ ਮੋਹ ਦਾ ਪ੍ਰਤੀਕ ਹੈ। ਅਜਿਹੀਆਂ ਪਰੰਪਰਾਵਾਂ ਨੂੰ ਸੰਭਾਲਣਾ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ, ਕਿਉਂਕਿ ਇਹੋ ਜਿਹੇ ਪਰੰਪਰਿਕ ਰੀਤੀ ਰਿਵਾਜਾਂ ਵਿੱਚ ਹੀ ਪੰਜਾਬੀ ਸੱਭਿਆਚਾਰ ਦੀ ਅਸਲ ਰੂਹ ਵੱਸਦੀ ਹੈ।





WE HAVE THE CHEAPEST FARES TO INDIA
LEGEND TRAVEL
arc
accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA

## ਡਤਾਈਵਰ ਵੀ ਜਿੰਦਗੀ ਦੇ 2 ਸਭ ਤੋਂ ਵੱਡੇ ਦੁਸ਼ਮਣ ਕੌਣ?
## ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

INVOICE
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

## ਅੱਜ ਹੀ ਸ਼ੁਰੂ ਕਰੋ!

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.

# JASPREET SINGH
# ATTORNEY AT LAW USA



JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA

**SACRAMENTO, CA**
5855 AUBURN BLVD,
SACRAMENTO, CA 95841
+1-917-915-4142

**FREMONT, CA**
3155 KEARNEY ST, SUITE #248, FREMONT, CA 94538
+1-510-657-6444

**NEW YORK, NY**
108-14 JAMAICA AVENUE,
RICHMOND HILL, NY 11418
+1-718-533-8444

**FRESNO, CA**
1625 E SHAW AVE #122,
FRESNO, CA 93711
+1-559-271-5511

**NEW JERSEY, NJ**
2060 OAK TREE ROAD #1,
EDISON, NEW JERSEY, 08820
+1-732-453-6699

**LOS ANGELES, CA**
1013 N BEGONIA AVE,
ONTARIO, CA 91762
+1-917-915-4142

CONTACT
**+1-917-915-4142**

Jaspreetsinghlaoffice@gmail.com

# ਵਕਤ

ਕਦੀ ਰੁਆਉਂਦਾ ਕਦੀ ਹਸਾਉਂਦਾ ਹੈ ਵਕਤ।
ਕਦੀ ਰੁਸਾਉਂਦਾ ਕਦੀ ਮਨਾਉਂਦਾ ਹੈ ਵਕਤ।
ਕਦੇ ਲੈ ਤੁਰਦਾ ਹੈ ਭਟਕਣ ਦੇ ਰਾਹਵਾਂ ਤੇ,
ਕਦੇ ਮੁਹੱਬਤ ਦੇ ਗੀਤ ਗੁਆਉਂਦਾ ਹੈ ਵਕਤ।
ਕਦੇ ਲੈ ਜਾਂਦਾ ਏ ਅਤੀਤ ਦੇ ਵਿੱਚ,
ਕਦੇ ਅੱਜ ਵਿੱਚ ਜੀਉਣਾ ਸਿਖਾਉਂਦਾ ਹੈ ਵਕਤ।
ਜਿਨ੍ਹਾਂ ਰਾਹਵਾਂ ਤੇ ਕਦੇ ਉਡੀਕਦਾ ਸੀ ਸੱਜਣ,
ਕਦੇ ਉਹਨਾਂ ਰਾਹਵਾਂ ਤੇ ਲਿਜਾਉਂਦਾ ਹੈ ਵਕਤ।
ਕਦੇ ਚਾੜ੍ਹ ਦਿੰਦਾ ਏ ਆਕਾਸ਼ ਤੇ ਗੁੱਡੀ,
ਕਦੇ ਗਲੀਆਂ ਦੇ ਵਿੱਚ ਰੁਲਾਉਂਦਾ ਹੈ ਵਕਤ।
ਕਦੇ ਕਿਸੇ ਨੂੰ ਬਿਠਾਉਂਦਾ ਏ ਤਖਤ ਤੇ ਇਹ,
ਕਦੇ ਕਿਸੇ ਨੂੰ ਤਖਤੇ ਤੇ ਚੜ੍ਹਾਉਂਦਾ ਹੈ ਵਕਤ।
ਕਦੇ ਕਿਸੇ ਨੂੰ ਭਰਦਾ ਏ ਹਉਮੈ ਦੇ ਨਾਲ,
ਕਦੇ ਕਿਸੇ ਨੂੰ ਹਲੀਮੀਂ ਸਿਖਾਉਂਦਾ ਹੈ ਵਕਤ।
ਗਿਲਾ ਨਾ ਕਰੀਂ 'ਨਾਗਰਾ' ਕਦੇ ਵਕਤ ਨਾਲ,
ਵਕਤ-ਵਕਤ ਤੇ ਰੰਗ ਵਿਖਾਉਂਦਾ ਹੈ ਵਕਤ।

ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



# ਚਾਉ

ਜਿਸ ਦੇ ਅੰਦਰ ਪ੍ਰੇਮ ਦੀ ਖੇਡ ਖੇਡਣ ਦਾ ਚਾਉ ਹੈ।
ਚਾਅ ਤੋਂ ਬਿਨਾਂ ਕੋਈ ਖੇਲ ਜਾਂ ਕੰਮ ਸਫਲ ਨਹੀਂ ਹੋ ਸਕਦਾ।
ਚਾਉ ਨਾਲ ਜੇ ਕੋਈ ਦੁਨੀਆਦਾਰੀ ਦਾ ਕੰਮ ਕਰੇ,
ਉਸ ਵਿੱਚ ਵੀ ਸਫਲਤਾ ਮਿਲਦੀ ਹੈ।
ਜਦੋਂ ਕੋਈ ਚਾਉ ਨਾਲ ਪਰਮਾਤਮਾ ਦੇ ਪਾਸੇ ਤੁਰਦਾ ਹੈ,
ਤਾਂ ਉਹ ਵੀ ਪ੍ਰੇਮ ਦੀ ਖੇਡ ਖੇਡਦਾ ਹੈ।
ਚਾਅ ਨਾਲ ਕੀਤਾ ਹੋਇਆ ਕੰਮ ਹੀ ਸਫਲ ਹੁੰਦਾ ਹੈ।
ਇਕ ਬੱਚਾ ਹੈ, ਉਸ ਨੂੰ ਸਾਰੀ ਖੇਡ ਖੇਡਣੀ ਆਉਂਦੀ ਹੈ।
ਪਰ ਜੇ ਅੰਦਰ ਖੇਡਣ ਦਾ ਚਾਅ ਨਹੀਂ,
ਉਹ ਤਾਂ ਸਿਰਫ਼ ਵਕਤ ਬਰਬਾਦ ਕਰਦਾ ਹੈ।
ਜਿਸ ਦੇ ਅੰਦਰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੈ,
ਉਹ ਪ੍ਰੇਮ ਦੀ ਖੇਡ ਗੱਲਾਂ-ਬਾਤਾਂ ਨਾਲ ਨਹੀਂ ਖੇਡੀ ਜਾਂਦੀ।
ਪ੍ਰੇਮ ਵਿੱਚ ਖਿਡਾਰੀ ਆਪਣੇ ਸਿਰ, ਧੜ ਦੀ ਬਾਜ਼ੀ ਲਗਾ ਦਿੰਦੇ ਹਨ।
ਇਸ਼ਕ ਮਜਾਜ਼ੀ ਵਿੱਚ ਵੀ ਲੋਕਾਂ ਨੇ ਸਿਰ ਦੀ ਬਾਜ਼ੀ ਲਗਾਈ।
ਇਸ਼ਕ ਮਜਾਜ਼ੀ ਵਿੱਚ ਕਿਸੇ ਨੂੰ ਪਿਆਰ ਤੱਕ ਪਹੁੰਚਣਾ ਪਿਆ,
ਤਾਂ ਆਖਿਰ ਉਸ ਦਾ ਬਾਪ ਘੜਿਆਂ ਦਾ ਕੰਮ ਕਰਦਾ ਸੀ।
ਇਸ ਕਰਕੇ ਕੱਚੇ-ਪੱਕੇ ਦੀ ਪਹਿਚਾਣ ਨਹੀਂ ਸੀ।
ਇਸ਼ਕ ਮਜਾਜ਼ੀ ਵਾਲਾ ਵੀ ਆਪਣੇ ਪਿਆਰੇ ਤੱਕ ਪਹੁੰਚਣ ਲਈ,
ਆਪਣਾ ਆਪ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ।
ਇੱਥੇ ਇਸ਼ਕ ਹਕੀਕੀ ਹੈ,
ਉੱਥੇ ਸਿਰ ਦੇਣ ਦੀ ਗੱਲ ਆਉਂਦੀ ਹੈ।
ਇਕ ਤਾਂ ਸਰੀਰਕ ਤੌਰ ਤੇ ਆਪਣਾ ਸਿਰ ਗੁਰੂ ਚਰਨਾਂ ਵਿੱਚ ਭੇਟ ਕਰਨਾ।
ਇਕ ਸਿਰ ਦਾ ਅਰਥ ਹੈ ਆਪਣੀ ਹਉਮੈ ਨੂੰ ਆਪਣੇ ਅੰਦਰੋਂ ਬਾਹਰ ਕੱਢ ਦੇਣਾ।

**ਸੁਰਜੀਤ ਸਾਰੰਗ**
ਮੈਂਬਰ ਇੰਟਰਨੈਸ਼ਨਲ ਸਿੱਖ ਕੌਂਸਿਲ

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.





Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


JK TYRE INC
JKTYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
SPECIAL OFFER !!
STEER TIRE
295/75R22.5
With Installation
Singh: 510-766-9382
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
Feel the difference
BARKLEY
PIRELLI
MICHELIN
A better way forward
BRIDGESTONE
Firestone
YOKOHAMA
PEARLY
NAMA
TOYO TIRES
driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205



CIS

# CALIFORNIA
## IMMIGRATION SERVICES

YOUR REGISTERED & BONDED "IMMIGRATION-CONSULTANTS"

- FAMILY PETITION
- CITIZENSHIP
- GREEN CARD PETITION
- BUSINESS/VISITOR VISA
- STUDENT VISA
- CANADA VISA & P.R VARIOUS IMMIGRATION SERVICES



LIVE SCAN SERVICE
FEE $25.00
ROLLING FEE PER LIVE SCAN

NOTARY SERVICES
FEE $10.00

(408)422-8585 (510)573-3666

Fremont Office: 4127 Bay Street, Suite5
Manteca Office: 123 Sycamore Ave, Suite 201-E

www.caials.com
rosy@caials.com